World Punjabi News Network
WORLD PUNJABI NEWS
ਪੰਜਾਬੀ | ਪੰਜਾਬੀ
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ਗਾਜ਼ੀਪੁਰ ਬਾਰਡਰ 'ਤੇ ਕਿਸਾਨਾਂ ਅਤੇ ਭਾਜਪਾ ਵਰਕਰਾਂ ਵਿਚਾਲੇ ਝੜਪ 'ਤੇ ਬੀਜੇਪੀ ਨੇਤਾ ਨੇ 200 ਕਿਸਾਨਾਂ 'ਤੇ ਕਰਵਾਈ ਐੱਫਆਈਆਰ ਦਰਜ



**ਨਵੀਂ ਦਿੱਲੀ।** ਗਾਜ਼ੀਪੁਰ ਬਾਰਡਰ 'ਤੇ ਭਾਰਤੀ ਕਿਸਾਨ ਯੂਨੀਅਨ ਅਤੇ ਭਾਰਤੀ ਜਨਤਾ ਪਾਰਟੀ ਵਰਕਰਾਂ ਵਿਚਾਲੇ ਝੜਪ ਦੇ ਮਾਮਲੇ 'ਚ ਪੁਲਿਸ ਨੇ ਕੇਸ ਦਰਜ ਕੀਤਾ ਹੈ। ਭਾਰਤੀ ਕਿਸਾਨ ਯੂਨੀਅਨ ਦੇ 200 ਲੋਕਾਂ 'ਤੇ ਐੱਫਆਈਆਰ ਦਰਜ ਕੀਤੀ ਗਈ ਹੈ। ਇਹ ਐੱਫਆਈਆਰ ਬੀਜੇਪੀ ਨੇਤਾ ਅਮਿਤ ਵਾਲਮੀਕਿ ਦੀ ਸ਼ਿਕਾਇਤ 'ਤੇ ਦਰਜ ਕੀਤੀ ਗਈ, ਜਿਨਾਂ ਦੇ ਸਵਾਗਤ ਦੌਰਾਨ ਇਹ ਝੜਪ ਹੋਈ। ਬੁੱਧਵਾਰ ਨੂੰ ਭਾਜਪਾ ਵਰਕਰ ਆਪਣੇ ਨੇਤਾ ਅਮਿਤ ਵਾਲਮੀਕਿ ਦਾ ਸਵਾਗਤ ਕਰਨ ਲਈ ਗਾਜ਼ੀਪੁਰ ਬਾਰਡਰ 'ਤੇ ਪਹੁੰਚੇ ਸਨ।

ਇਸ ਦੌਰਾਨ ਭਾਜਪਾ ਵਰਕਰਾਂ ਦੀ ਉੱਥੇ ਕਾਨੂੰਨਾਂ ਦੇ ਵਿਰੁੱਧ ਅੰਦੋਲਨ ਕਰ ਰਹੇ ਕਿਸਾਨਾ ਦੇ ਨਾਲ ਝੜਪ ਹੋ ਗਈ। ਦੋਵਾਂ ਧਿਰਾਂ 'ਚ ਡੰਡੇ ਚੱਲਣ ਲੱਗੇ। ਹੁਣ ਇਸ ਮਾਮਲੇ 'ਚ ਬੀਜੇਪੀ ਨੇਤਾ ਅਮਿਤ ਦੀ ਸ਼ਿਕਾਇਤ 'ਤੇ 200 ਲੋਕਾਂ ਦੇ ਵਿਰੁੱਧ ਕੌਸ਼ਾਬੀ ਥਾਣੇ 'ਚ ਮੁਕੱਦਮਾ ਦਰਜ ਕੀਤਾ ਗਿਆ ਹੈ। ਆਈਪੀਸੀ ਦੀ ਧਾਰਾ 147, 148, 223, 352, 427, 506 ਦੀਆਂ ਧਾਰਾਵਾਂ ਅਧੀਨ ਐੱਫਆਈਆਰ ਦਰਜ ਕੀਤੀ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਝੜਪ ਦੌਰਾਨ ਪੁਲਿਸ ਨੇ ਵੀਡੀਓ ਵੀ ਬਣਾਇਆ ਸੀ, ਜਿਸ ਦੇ ਆਧਾਰ 'ਤੇ ਦੋਸ਼ੀਆਂ ਦੀ ਸ਼ਿਨਾਖਤ ਕੀਤੀ ਜਾ ਰਹੀ ਹੈ। ਕਿਸਾਨਾਂ ਨੇ ਅਪੀਲ ਕਰਦਿਆਂ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਨੇ ਕਿਹਾ ਸੀ, 'ਭਾਜਪਾ ਹੁਣ ਅੰਦੋਲਨ ਨੂੰ ਹਿੰਸਾ ਨਾਲ ਤੋੜਨਾ ਚਾਹੁੰਦੀ ਹੈ ਜਿਸਦਾ ਉਦਾਹਰਨ ਅੱਜ ਦੀ ਗਾਜ਼ੀਪੁਰ ਬਾਰਡਰ 'ਤੇ ਭਾਜਪਾ ਵਰਕਰਾਂ ਵਲੋਂ ਕੀਤੀ ਗਈ ਹਿੰਸਾ ਹੈ, ਸਾਰੇ ਕਿਸਾਨਾਂ ਨੂੰ ਬੇਨਤੀ ਹੈ ਕਿ ਇਨ੍ਹਾਂ ਦੇ ਬਹਿਕਾਵੇ 'ਚ ਨਾ ਆਉਣ ਅਤੇ ਆਪਣੇ ਅੰਦੋਲਨ ਨੂੰ ਬਚਾਈ ਰੱਖਣ।

## ਸਰਕਾਰ ਦਾ ਮੈਡੀਕਲ ਖੇਤਰ ਨੂੰ ਤਰਜੀਹ ਨਾ ਦੇਣਾ ਚਿੰਤਾ ਦਾ ਵਿਸ਼ਾ: ਚੀਫ ਜਸਟਿਸ



**ਨਵੀਂ ਦਿੱਲੀ।** ਚੀਫ਼ ਜਸਟਿਸ ਐਨ ਵੀ ਰਾਮੰਨਾ ਨੇ ਵੀਰਵਾਰ ਨੂੰ ਕਿਹਾ ਕਿ ਸਰਕਾਰ ਮੈਡੀਕਲ ਖੇਤਰ ਅਤੇ ਉਸ ਦੀਆਂ ਸਮੱਸਿਆਵਾਂ ਵੱਲ ਧਿਆਨ ਨਹੀਂ ਦੇ ਰਹੀ। ਉਨ੍ਹਾਂ ਕਿਹਾ ਕਿ ਇਸ ਖੇਤਰ ਨੂੰ ਬੁਨਿਆਦੀ ਢਾਂਚੇ ਅਤੇ ਪੇਸ਼ੇਵਰਾਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਵੱਲ ਫੌਰੀ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਿਸੇ ਹੋਰ ਦੀ ਨਾਕਾਮੀ ਕਾਰਨ ਡਿਊਟੀ ਦੌਰਾਨ ਡਾਕਟਰ ਹਮਲਿਆਂ ਦਾ ਸ਼ਿਕਾਰ ਹੋ ਰਹੇ ਹਨ। ਉਹ ਡਾਕਟਰ ਦਿਵਸ ਦੇ ਮੌਕੇ 'ਤੇ ਮੈਡੀਕਲ ਭਾਈਚਾਰੇ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਇਸ ਮੌਕੇ 'ਡਿਫੀਟ ਡਾਇਬਟੀਜ਼ ਕੈਂਪੇਨ' ਦੀ ਸ਼ੁਰੂਆਤ ਕੀਤੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਵੀ ਤੰਬਾਕੂ ਵਿਰੋਧੀ ਅਤੇ ਪਲਸ ਪੋਲੀਓ ਮੁਹਿੰਮ ਵਾਂਗ ਜਾਗਰੂਕਤਾ ਮੁਹਿੰਮ ਚਲਾਉਣ ਦੀ ਲੋੜ ਹੈ ਅਤੇ ਇਸ ਲਈ ਸਰਕਾਰ ਨੂੰ ਖੁੱਲ੍ਹ ਕੇ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ, "ਇਹ ਦੁੱਖ ਦੀ ਗੱਲ ਹੈ ਕਿ ਸਾਡੇ ਡਾਕਟਰਾਂ ਦੀ ਡਿਊਟੀ ਦੌਰਾਨ ਬੇਰਹਿਮੀ ਨਾਲ ਕੁੱਟਮਾਰ ਕੀਤੀ ਜਾਂਦੀ ਹੈ। ਕਿਸੇ ਹੋਰ ਦੀਆਂ ਨਾਕਾਮੀਆਂ ਲਈ ਮੈਡੀਕਲ ਪੇਸ਼ੇਵਰਾਂ ਨੂੰ ਨਿਸ਼ਾਨਾਂ ਕਿਉਂ ਬਣਾਇਆ ਜਾ ਰਿਹਾ? ਮੈਡੀਕਲ ਪੇਸ਼ੇਵਰਾਂ, ਬੁਨਿਆਦੀ ਢਾਂਚਾ, ਦਵਾਈਆਂ ਦੀ ਘਾਟ, ਪੁਰਾਣੀ ਤਕਨਾਲੋਜੀ ਜਿਹੇ ਮੁੱਦਿਆਂ ਅਤੇ ਮੈਡੀਕਲ ਖੇਤਰ ਨੂੰ ਤਰਜੀਹ ਨਾ ਦੇਣਾ ਫਿਕਰਮੰਦੀ ਨਾਲ ਜੁੜੇ ਮੁੱਦੇ ਹਨ।" ਉਨ੍ਹਾਂ ਕਿਹਾ ਕਿ ਲੋਕ ਪਹਿਲੀ ਜੁਲਾਈ ਨੂੰ ਇਮਾਨਦਾਰੀ ਨਾਲ ਡਾਕਟਰਾਂ ਦਾ ਸਵਾਗਤ ਉਦੋਂ ਕਰਨਗੇ ਜਦੋਂ ਮੈਡੀਕਲ ਸੰਸਥਾਵਾਂ ਅਤੇ ਸਰਕਾਰੀ ਏਜੰਸੀਆਂ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਮਿਲ ਕੇ ਕੰਮ ਕਰਨਗੀਆਂ।

## ਅਯੋਗ ਠਹਿਰਾਉਣ ਸਬੰਧੀ ਅਰਜ਼ੀਆਂ ਦੇ ਸਮੇਂ ਸਿਰ ਨਿਪਟਾਰੇ ਲਈ ਸਿਰਫ਼ ਸੰਸਦ ਬਣਾ ਸਕਦੀ ਹੈ ਕਾਨੂੰਨ: ਸੁਪਰੀਮ ਕੋਰਟ


**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਵੀਰਵਾਰ ਨੂੰ ਕਿਹਾ ਕਿ ਸੰਵਿਧਾਨ ਦੀ 10ਵੀਂ ਸੂਚੀ ਤਹਿਤ ਸਦਨ ਦੇ ਸਪੀਕਰ ਜਾਂ ਚੇਅਰਮੈਨ ਵੱਲੋਂ ਅਯੋਗ ਠਹਿਰਾਉਣ ਸਬੰਧੀ ਅਰਜ਼ੀਆਂ ਦੇ ਸਮੇਂ ਸਿਰ ਨਿਪਟਾਰੇ ਲਈ ਕਾਨੂੰਨ ਬਣਾਉਣ ਦੀ ਜ਼ੰਮੇਵਾਰੀ ਵਿਧਾਨਪਾਲਿਕਾ ਦੀ ਹੈ। ਚੀਫ਼ ਜਸਟਿਸ ਐੱਨ ਵੀ ਰਾਮੰਨਾ ਅਤੇ ਜਸਟਿਸ ਏ ਐੱਸ ਬੋਪੰਨਾ ਤੇ ਰਿਸ਼ੀਕੇਸ਼ ਰਾਏ ਦੇ ਬੈਂਚ ਨੇ ਕਿਹਾ, "ਅਸੀਂ ਕਾਨੂੰਨ ਕਿਵੇਂ ਬਣਾ ਸਕਦੇ ਹਾਂ? ਇਹ ਸੰਸਦ ਦਾ ਮਾਮਲਾ ਹੈ।" ਪੱਛਮੀ ਬੰਗਾਲ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਰਾਣਾਜੀਤ ਮੁਖਰਜੀ ਵੱਲੋਂ ਦਾਖ਼ਲ ਅਰਜ਼ੀ 'ਤੇ ਸਿਖਰਲੀ ਅਦਾਲਤ ਸੁਣਵਾਈ ਕਰ ਰਹੀ ਸੀ ਜਿਨ੍ਹਾਂ ਅਯੋਗ ਕਰਾਰ ਦੇਣ ਸਬੰਧੀ ਅਰਜ਼ੀਆਂ ਦੇ ਸਮੇਂ ਸਿਰ ਨਿਪਟਾਰੇ ਲਈ ਸਪੀਕਰਾਂ ਵਾਸਤੇ ਦਿਸ਼ਾ-ਨਿਰਦੇਸ਼ ਬਣਾਉਣ ਦੇ ਕੇਂਦਰ ਨੂੰ ਨਿਰਦੇਸ਼ ਦੇਣ ਦੀ ਬੇਨਤੀ ਕੀਤੀ ਸੀ। ਸੁਣਵਾਈ ਦੌਰਾਨ ਵਕੀਲ ਅਭਿਸ਼ੇਕ ਜੇਬਰਾਜ ਨੇ ਕਿਹਾ ਕਿ ਤੈਅ ਸਮੇਂ ਸਿਰ ਅਯੋਗ ਠਹਿਰਾਉਣ ਸਬੰਧੀ ਅਰਜ਼ੀਆਂ 'ਤੇ ਫ਼ੈਸਲਾ ਦੇਣ ਲਈ ਦਿਸ਼ਾ-ਨਿਰਦੇਸ਼ ਬਣਾਉਣ ਵਾਸਤੇ ਅਰਜ਼ੀ ਦਾਖ਼ਲ ਕੀਤੀ ਗਈ ਹੈ। ਉਨ੍ਹਾਂ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਇਕ ਨਿਰਧਾਰਿਤ ਸਮਾਂ ਸਮਾਂ ਤੈਅ ਕੀਤੀ ਜਾਵੇ ਕਿਉਂਕਿ ਸਪੀਕਰ ਪਟੀਸ਼ਨਾਂ 'ਤੇ ਫ਼ੈਸਲੇ ਨਹੀਂ ਦੇ ਰਹੇ ਹਨ ਅਤੇ ਦਸਵੀਂ ਸੂਚੀ ਤਹਿਤ ਸਮਾਂ ਰਹਿੰਦੇ ਫ਼ੈਸਲੇ ਨਹੀਂ ਲੈ ਰਹੇ ਹਨ।" ਇਸ 'ਤੇ ਚੀਫ਼ ਜਸਟਿਸ ਨੇ ਕਿਹਾ ਕਿ ਉਨ੍ਹਾਂ ਕਰਨਾਟਕ ਦੇ ਵਿਧਾਇਕਾਂ ਸਬੰਧੀ ਕੇਸ 'ਚ ਪਹਿਲਾਂ ਹੀ ਆਪਣੀ ਰਾਏ ਦੇ ਦਿੱਤੀ ਹੈ।



OUR PARTNERS IN PROMOTION
WORLD PUNJABI NEWS NETWORK
whitecloud.in WHITECLOUD INTERNATIONAL
WEB PRESENCE PROVIDER
SmartBrainz EXPLORE. CHOOSE. BUY.
TECHNOLOGY PROVIDER
WORLD PUNJABI NEWS NETWORK
NEWS & MEDIA PARTNER
ADVERTISE WITH US
+91 98155 88388
worldpunjabinews@gmail.com

@worldpunjabinews @wpunjabinews @worldpunjabinewstv
@worldpunjabinews @worldpunjabinews worldpunjabinews.com

# ਆਰਥਿਕ ਸੁਧਾਰਾਂ 'ਚ ਧਨਾਢਾਂ ਦੇ ਵਾਰੇ-ਨਿਆਰੇ



ਤਿੰਨ ਦਹਾਕਿਆਂ ਤੋਂ ਲੋਕ ਰਾਇ ਨੂੰ ਗਿਣ-ਮਿਥ ਕੇ ਨਿੱਜੀ ਕਾਰੋਬਾਰ ਤੇ ਉੱਦਮਾਂ ਅਤੇ ਖੁੱਲ੍ਹੇ ਵਪਾਰ ਦੇ ਹੱਕ ਵਿਚ ਢਾਲਿਆ ਗਿਆ ਹੈ। ਅੱਜ ਕੁੱਲ ਮਿਲਾ ਕੇ ਸਾਡਾ ਸਾਰਿਆਂ ਦਾ ਹੀ ਖ਼ਿਆਲ ਹੈ ਕਿ ਕਾਰੋਬਾਰ ਦਾ ਸਿਰਫ਼ ਮੁਨਾਫ਼ੇ ਵੱਲ ਸੇਧਿਤ ਹੋਣਾ ਨਾ ਸਿਰਫ਼ ਕਾਰੋਬਾਰ ਲਈ ਸਗੋਂ ਇਕ ਤਰ੍ਹਾਂ ਸਾਰੇ ਸਮਾਜ ਲਈ ਵੀ ਬਹੁਤ ਵਧੀਆ ਹੈ। ਸਾਨੂੰ ਮੁੱਖ ਧਾਰਾ ਮੀਡੀਆ, ਅਰਥ ਸ਼ਾਸਤਰੀਆਂ ਅਤੇ ਹੋਰ ਵੱਖ ਵੱਖ ਮਾਹਿਰਾਂ ਤੇ ਨੇਤਾਵਾਂ ਨੇ ਹੁੱਝਾਂ ਮਾਰ ਮਾਰ ਕੇ ਇਹ ਮੰਨ ਲੈਣ ਦੇ ਰਾਹ ਤੋਰਿਆ ਕਿ ਖੁੱਲ੍ਹੇ ਬਾਜ਼ਾਰ ਵੱਲੋਂ ਗੁਣ ਵਾਲਿਆਂ ਅਤੇ ਮਿਹਨਤ ਕਰਨ ਵਾਲਿਆਂ ਨੂੰ ਇਨਾਮਾਂ-ਸਨਮਾਨਾਂ ਨਾਲ ਨਿਵਾਜਿਆ ਜਾਂਦਾ ਹੈ; ਦੂਜੇ ਪਾਸੇ ਸੁਸਤ ਤੇ ਨਾਕਾਬਲ ਲੋਕਾਂ ਨੂੰ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਅਫ਼ਸੋਸ ਦੀ ਗੱਲ ਇਹ ਹੈ ਕਿ ਇਸ ਨੈਤਿਕ ਦਾਰਸ਼ਨਿਕਤਾ ਵਾਲੇ ਰਵੱਈਏ ਨੇ ਅਜਿਹੀਆਂ ਨੀਤੀਆਂ ਨੂੰ ਹੀ ਹੱਲਾਸ਼ੇਰੀ ਦਿੱਤੀ ਹੈ ਜੋ ਲਾਜ਼ਮੀ ਤੌਰ 'ਤੇ ਅਮੀਰ ਪੱਖੀ ਹਨ।

ਨਵਉਦਾਰਵਾਦ ਦੇ ਸੁਪਨਮਈ ਸੰਸਾਰ ਵਿਚ ਬਾਜ਼ਾਰ ਸਭ ਨੂੰ ਇਕਸਾਰ ਮੌਕੇ ਦੇਣ ਵਾਲੇ ਖੇਤਰ ਹਨ ਜਿਥੇ ਨਾਗਰਿਕ ਇਕਸਾਰ ਆਰਥਿਕ ਏਜੰਟਾਂ ਵਜੋਂ ਇਕ-ਦੂਜੇ ਦਾ ਸਾਹਮਣਾ ਕਰਦੇ ਹਨ। ਉਹ ਨਾ ਸਿਰਫ਼ ਵਸਤਾਂ ਅਤੇ ਸੇਵਾਵਾਂ ਦਾ ਵਟਾਂਦਰਾ ਕਰਦੇ ਹਨ ਸਗੋਂ ਇਨ੍ਹਾਂ (ਵਸਤਾਂ ਤੇ ਸੇਵਾਵਾਂ) ਨੂੰ ਘੱਟ ਤੋਂ ਘੱਟ ਕੀਮਤ ਉਤੇ ਮੁਹੱਈਆ ਕਰਾਉਣ ਲਈ ਇਕ-ਦੂਜੇ ਨਾਲ ਮੁਕਾਬਲਾ ਵੀ ਕਰਦੇ ਹਨ। ਇਨ੍ਹਾਂ ਵਿਚੋਂ ਜਿਹੜੇ ਆਪਣੇ ਵਸੀਲਿਆਂ ਦਾ ਇਸਤੇਮਾਲ ਸਿਆਣਪ ਨਾਲ ਕਰਦੇ ਹਨ, ਉਹ ਕਾਮਯਾਬ ਉਦਮੀ ਬਣ ਜਾਂਦੇ ਹਨ, ਤੇ ਬਾਕੀ ਉਨ੍ਹਾਂ ਦੇ ਮੁਲਾਜ਼ਮ ਬਣ ਜਾਂਦੇ ਹਨ। ਇਉਂ ਜ਼ਾਹਰਾ ਤੌਰ 'ਤੇ ਜਾਂ ਤਾਂ ਕਿਸੇ ਜਾਦੂਈ ਸਿਸਟਮ ਰਾਹੀਂ ਜਾਂ ਕਿਸੇ ਇਲਹਾਮ ਰਾਹੀਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਇਹ ਸਿਸਟਮ ਹਰ ਕਿਸੇ ਲਈ ਫ਼ਾਇਦੇਮੰਦ ਹੈ, ਭਾਵੇਂ ਤੁਸੀਂ ਸਰਮਾਏ ਦੇ ਮਾਲਕ ਹੋ ਤੇ ਭਾਵੇਂ ਮੁਲਾਜ਼ਮ/ਮਜ਼ਦੂਰ।

ਹਕੀਕਤ ਇਹ ਹੈ ਕਿ ਖੁੱਲ੍ਹੇ ਬਾਜ਼ਾਰ ਸਦਾ ਸਰਮਾਏ ਦੇ ਮਾਲਕਾਂ (ਸਰਮਾਏਦਾਰਾਂ/ਪੂੰਜੀਪਤੀਆਂ) ਦੇ ਪੱਖ ਵਿਚ ਹੁੰਦੇ ਹਨ। ਵੱਡੇ ਸਰਮਾਏਦਾਰਾਂ ਨੂੰ ਸਦਾ ਹੀ ਇਹ ਫ਼ਾਇਦਾ ਰਹਿੰਦਾ ਹੈ ਕਿ ਉਹ ਵਧੀਆ ਤਨਖ਼ਾਹਾਂ ਰਾਹੀਂ ਵੱਧ ਗੁਣੀ ਤੇ ਹੁਨਰਮੰਦ ਲੋਕਾਂ ਨੂੰ ਨੌਕਰੀ ਦੇ ਕੇ, ਆਧੁਨਿਕ ਤਕਨਾਲੋਜੀ ਖ਼ਰੀਦ ਕੇ ਅਤੇ ਲਾਗਤ ਨਾਲੋਂ ਘੱਟ ਕੀਮਤ ਉਤੇ ਆਪਣਾ ਸਾਮਾਨ ਵੇਚ ਕੇ ਹੋਰਨਾਂ ਨੂੰ ਪਛਾੜ ਕੇ ਮੁਕਾਬਲੇ ਤੋਂ ਬਾਹਰ ਕਰ ਸਕਦੇ ਹਨ। ਵੱਡੇ ਧਨਾਢ ਕਾਰਪੋਰੇਟ ਵਿਰੋਧੀਆਂ ਨੂੰ ਮੁਕਾਬਲੇ ਤੋਂ ਹਟਾਉਣ ਲਈ ਲੰਮਾ ਸਮਾਂ ਨੁਕਸਾਨ ਝੱਲ ਸਕਦੇ ਹਨ। ਦੂਜੇ ਪਾਸੇ ਨਵੇਂ ਤੇ ਪਹਿਲੀ ਪੀੜ੍ਹੀ ਦੇ ਉੱਦਮੀ ਜਿਨ੍ਹਾਂ ਨੇ ਆਪਣੇ ਕਾਰੋਬਾਰ ਲਈ ਕਰਜ਼ੇ ਲਏ ਹੁੰਦੇ ਹਨ, ਬਿਨਾ ਮੁਨਾਫ਼ਾ ਕਮਾਏ ਲੰਮਾ ਸਮਾਂ ਮੁਕਾਬਲੇ ਵਿਚ ਨਹੀਂ ਟਿਕ ਸਕਦੇ। ਸਿੱਟੇ ਵਜੋਂ ਛੋਟੀਆਂ ਸਨਅਤਾਂ ਵੱਡੀਆਂ ਨਾਲ ਰਲਦੀਆਂ ਜਾਂਦੀਆਂ ਹਨ ਅਤੇ ਆਖ਼ਰ ਬਾਜ਼ਾਰ ਵਿਚ ਇਜਾਰੇਦਾਰੀ ਕਾਇਮ ਹੋ ਜਾਂਦੀ ਹੈ।

ਨਵਉਦਾਰਵਾਦੀ ਅਰਥ ਸ਼ਾਸਤਰੀਆਂ ਦਾ ਤਰਕ ਹੈ ਕਿ ਇਜਾਰੇਦਾਰੀ ਨਾਲ ਆਰਥਿਕ ਨਾ-ਬਰਾਬਰੀ ਪੈਦਾ ਨਹੀਂ ਹੁੰਦੀ ਕਿਉਂਕਿ ਅਜਿਹੀਆਂ ਵਿਸ਼ਾਲ ਕੰਪਨੀਆਂ ਤੇ ਕਾਰਪੋਰੇਸ਼ਨਾਂ ਜਨਤਕ ਕੁੰਡਾ ਹੁੰਦਾ ਹੈ। ਸਿੱਟੇ ਵਜੋਂ ਜਿਨ੍ਹਾਂ ਕੋਲ ਵੀ ਇਨ੍ਹਾਂ ਕੰਪਨੀਆਂ ਦੇ ਸ਼ੇਅਰ ਹੁੰਦੇ ਹਨ, ਉਹ ਸਾਰੇ ਹੀ ਇਨ੍ਹਾਂ ਦੇ ਮਾਲਕ ਹੁੰਦੇ ਹਨ ਪਰ ਹਕੀਕਤ ਇਹ ਹੈ ਕਿ ਛੋਟੇ ਸ਼ੇਅਰ ਮਾਲਕਾਂ ਦੀ ਕੰਪਨੀ ਦੇ ਕੰਮ-ਕਾਜ ਵਿਚ ਕੋਈ ਸੁਣਵਾਈ ਨਹੀਂ ਹੁੰਦੀ। ਅਸਲ ਵਿਚ ਵੱਡੇ ਸ਼ੇਅਰ ਧਾਰਕ ਹੀ ਕੰਪਨੀ ਦੀਆਂ ਨਿਵੇਸ਼ ਰਣਨੀਤੀਆਂ ਘੜਦੇ ਹਨ ਤੇ ਇਹ ਫ਼ੈਸਲੇ ਕਰਦੇ ਹਨ ਕਿ ਕਿਸ ਨੂੰ ਕਿੰਨਾ ਤੇ ਕਿਵੇਂ ਮਿਹਨਤਾਨਾ ਦੇਣਾ ਹੈ।

ਇਸ ਲਈ ਇਹ ਵੱਡੇ ਸਰਮਾਏਦਾਰਾਂ ਦੇ ਹਿੱਤ ਵਿਚ ਹੁੰਦਾ ਹੈ ਕਿ ਇਹ ਪ੍ਰਬੰਧ ਨਾ ਸਿਰਫ਼ ਵਧੀਆ ਚੱਲਦਾ ਰਹੇ ਸਗੋਂ ਇਹ ਆਉਣ ਵਾਲੇ ਸਮੇਂ ਵਿਚ ਲਗਾਤਾਰ ਜਾਰੀ ਰਹੇ। ਸਭ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਅਰਥਚਾਰੇ ਨਾਲ ਸਬੰਧਤ ਸਾਰੇ ਕਾਨੂੰਨ ਇਜਾਰੇਦਾਰਾਨਾ ਸਰਮਾਏ ਦੀਆਂ ਸਰਗਰਮੀਆਂ ਬੇਰੋਕ-ਟੋਕ ਜਾਰੀ ਰਹਿਣ ਦੇਣ ਵੱਲ ਸੇਧਿਤ ਹੋਣ। ਵੱਡੇ ਕਾਰਪੋਰੇਟ ਜਾਣਦੇ ਹਨ ਕਿ ਜਮਹੂਰੀ ਹਕੂਮਤਾਂ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਤਾਕਤਵਰ ਇਜਾਰੇਦਾਰੀਆਂ ਕਾਇਮ ਹੋਣ ਤੋਂ ਰੋਕਣ ਪਰ ਉਹ ਇਹ ਵੀ ਜਾਣਦੇ ਹਨ ਕਿ ਸਟੇਟ/ਰਿਆ-ਸਤ ਦੇ ਉਹ ਅਦਾਰੇ ਜਿਹੜੇ ਬਾਜ਼ਾਰ ਤੇ ਕਾਰੋਬਾਰ ਦੇ ਵਾਜਬ ਢੰਗ ਤਰੀਕੇ ਲਾਗੂ ਕਰਾਉਣ ਲਈ ਜ਼ਿੰਮੇਵਾਰ ਹੁੰਦੇ ਹਨ, ਬਹੁਤੀ ਸੰਜੀਦਗੀ ਨਾਲ ਕੰਮ ਨਹੀਂ ਕਰਦੇ। ਦੂਜੀ ਚੀਜ਼ ਜਿਸ ਨੂੰ ਸਰਮਾਏਦਾਰ ਯਕੀਨੀ ਬਣਾਉਂਦੇ ਹਨ, ਉਹ ਇਹ ਕਿ ਸਰਕਾਰੀ ਨੀਤੀਆਂ ਉਨ੍ਹਾਂ ਦੀ ਮਦਦ ਕਰਨ ਵਾਲੀਆਂ ਹੋਣ। ਸਮੱਸਿਆ ਇਹ ਹੁੰਦੀ ਹੈ ਕਿ ਸਰਕਾਰਾਂ ਨਹੀਂ ਚਾਹੁੰਦੀਆਂ ਕਿ ਉਹ ਕਾਰੋਬਾਰੀਆਂ ਦੀ ਮਦਦ ਕਰਦੀਆਂ ਦਿਖਾਈ ਦੇਣ, ਇਸ ਕਾਰਨ ਮਦਦ ਵਾਲੀਆਂ ਸਾਰੀਆਂ ਆਰਥਿਕ ਨੀਤੀਆਂ ਨੂੰ 'ਸੁਧਾਰਾਂ' ਦਾ ਰੂਪ ਦਿੱਤਾ ਜਾਂਦਾ ਹੈ। ਜਦੋਂ ਵੀ ਸਰਕਾਰਾਂ ਇਹ ਕਹਿੰਦੀਆਂ ਹਨ ਕਿ ਉਹ ਅਰਥਚਾਰੇ ਵਿਚੋਂ ਹੱਥ ਪਿੱਛੇ ਖਿੱਚ ਰਹੀਆਂ ਹਨ, ਤਾਂ ਅਸਲ ਵਿਚ ਉਹ ਅਜਿਹਾ ਨੀਤੀ ਮਾਹੌਲ ਸਿਰਜ ਰਹੀਆਂ ਹੁੰਦੀਆਂ ਹਨ ਜਿਹੜਾ ਵੱਡੇ ਕਾਰੋਬਾਰੀਆਂ ਤੇ ਸਰਮਾਏਦਾਰਾਂ ਲਈ ਮਦਦਗਾਰ ਹੋਵੇ।

ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਇਨ੍ਹਾਂ ਨੀਤੀਆਂ ਨੂੰ ਜਨਤਾ ਵਿਚ ਸਮਾਜ ਲਈ ਲਾਹੇਵੰਦ ਕਹਿ ਕੇ ਪ੍ਰਚਾਰਿਆ ਜਾਵੇ। ਇਸ ਧਾਰਨਾ ਨੂੰ ਆਰਥਿਕ ਵਿਕਾਸ ਦੇ ਸਮੁੱਚੇ ਵਿਖਿਆਨ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ। ਅਸੀਂ ਆਪਣੇ ਮੁਲਕ ਵਿਚ 1990ਵਿਆਂ ਤੋਂ ਇਹੋ ਭਾਣਾ ਵਰਤਦਾ ਦੇਖ ਰਹੇ ਹਾਂ। ਹਰ ਸਰਕਾਰ ਮਹਿਜ਼ ਤਰੱਕੀ ਜਾਂ ਵਿਕਾਸ ਦੀ ਗੱਲ ਕਰਦੀ ਹੈ, ਉਨ੍ਹਾਂ ਨੂੰ ਨਿਰਪੱਖਤਾ ਜਾਂ ਸਾਰਿਆਂ ਦੇ ਵਿਕਾਸ ਦੀ ਕੋਈ ਫ਼ਿਕਰ ਨਹੀਂ ਹੈ, ਤੇ ਇਸ ਦੀ ਤਾਂ ਉਹ ਗੱਲ ਵੀ ਨਹੀਂ ਕਰਦੀ। ਇਸ ਦੇ ਬਾਵਜੂਦ ਵੱਖ ਵੱਖ ਅਖੌਤੀ ਮਾਹਿਰਾਂ, ਰਾਇ ਸਿਰਜਕਾਂ, ਕਾਲਮਨਵੀਸਾਂ, ਸੰਪਾਦਕਾਂ ਆਦਿ ਨੇ ਇਸ 'ਸੁਧਾਰਵਾਦੀ' ਏਜੰਡੇ ਨੂੰ ਅੱਗੇ ਵਧਾਇਆ ਹੈ।

ਇਸ ਦੇ ਸਿੱਟੇ ਵਜੋਂ ਅੱਜ ਆਮ ਰਾਇ ਬਾਜ਼ਾਰ ਮੁਖੀ ਬਣਤਰ ਦੇ ਪੱਖ ਵਿਚ ਇੰਨੀ ਮਜ਼ਬੂਤ ਹੋ ਗਈ ਹੈ ਕਿ ਹੁਣ ਸਰਕਾਰਾਂ ਜਾਂ ਸਿਆਸਤਦਾਨ ਵੀ ਇਸ ਦੇ ਖ਼ਿਲਾਫ਼ ਨਹੀਂ ਜਾ ਸਕਦੇ। ਅੱਜ ਜੇ ਕੋਈ ਸਰਕਾਰ ਵੀ ਨਿਜੀ ਕਾਰੋਬਾਰੀਆਂ ਦੇ ਮੁਨਾਫ਼ੇ ਵਿਚ ਕਟੌਤੀ ਦੀ ਕੋਸ਼ਿਸ਼ ਕਰਦੀ ਹੈ ਤਾਂ ਉਸ ਨੂੰ ਪਿੱਛੇ ਹਟਣਾ ਪਵੇਗਾ, ਕਿਉਂਕਿ ਵੱਡੇ ਸਨਅਤਕਾਰ ਸਾਡੇ ਨਾਇਕ ਬਣ ਚੁੱਕੇ ਹਨ। ਇਹੋ ਕਾਰਨ ਹੈ ਕਿ ਸਰਕਾਰਾਂ ਵੱਲੋਂ ਮਜ਼ਦੂਰਾਂ ਦੇ ਹੱਕਾਂ ਵਿਚ ਕਟੌਤੀ ਕਰਨ ਲਈ ਬਣਾਏ ਜਾਣ ਵਾਲੇ ਕਾਨੂੰਨਾਂ ਬਾਰੇ ਮੀਡੀਆ ਸੋਹਲੇ ਗਾਉਂਦਾ ਹੈ। ਮੀਡੀਆ ਉਨ੍ਹਾਂ ਨੀਤੀਆਂ ਦੀ ਰੱਜ ਕੇ ਤਾਰੀਫ਼ ਕਰਦਾ ਹੈ ਜਿਨ੍ਹਾਂ ਰਾਹੀਂ ਸਨਅਤਕਾਰਾਂ ਤੋਂ ਬੰਦਿਸ਼ਾਂ ਘਟਾਈਆਂ ਜਾਂਦੀਆਂ ਹਨ। ਜੇ ਸਰਕਾਰਾਂ ਵੱਲੋਂ ਕਿਸੇ ਕਾਰੋਬਾਰੀ ਘਰਾਣੇ ਖ਼ਿਲਾਫ਼ ਕਾਰਵਾਈ ਕੀਤੀ ਜਾਂਦੀ ਹੈ ਤਾਂ ਉਲਟਾ ਇਸ ਕਾਰਵਾਈ ਖ਼ਿਲਾਫ਼ ਅਖ਼ਬਾਰਾਂ ਵਿਚ ਸੰਪਾਦਕੀਆਂ ਲਿਖੀਆਂ ਜਾਂਦੀਆਂ ਹਨ। ਇਸ ਦੇ ਉਲਟ ਜੇ ਸਰਕਾਰ ਕਾਰਪੋਰੇਟ ਟੈਕਸ ਵਿਚ ਕਟੌਤੀ ਕੀਤੀ ਜਾਂਦੀ ਹੈ ਤਾਂ ਮੀਡੀਆ ਇਸ ਦੀ ਫੌਰੀ ਹਮਾਇਤ ਕਰਦਾ ਹੈ।ਇਹੋ ਕਾਰਨ ਹੈ ਕਿ ਸਨਅਤਕਾਰ ਉਸ ਸਮੇਂ ਵੀ ਕਰਾਂ ਦੀ ਘੱਟ ਅਦਾਇਗੀ ਕਰ ਕੇ ਆਪਣਾ ਖਹਿੜਾ ਛੁਡਵਾ ਲੈਂਦੇ ਹਨ ਜਦੋਂ ਉਹ ਰਿਕਾਰਡ ਮੁਨਾਫ਼ਾ ਕਮਾ ਰਹੀ ਹੁੰਦੇ ਹਨ। ਬੀਤੇ ਦਸ ਸਾਲਾਂ ਦੌਰਾਨ ਕੇਂਦਰ ਸਰਕਾਰ ਨੂੰ ਮਿਲਣ ਵਾਲੇ ਕੁੱਲ ਟੈਕਸਾਂ ਵਿਚੋਂ ਕਾਰਪੋਰੇਟ ਟੈਕਸ ਦਾ ਹਿੱਸਾ 36 ਫ਼ੀਸਦੀ ਤੋਂ ਘਟ ਕੇ 23 ਫ਼ੀਸਦੀ ਰਹਿ ਗਿਆ ਹੈ। ਇਸ ਦੇ ਉਲਟ ਆਮ ਲੋਕਾਂ ਉਤੇ ਲੱਗਣ ਵਾਲੇ ਅਸਿੱਧੇ ਕਰਾਂ ਦਾ ਹਿੱਸਾ 45 ਫ਼ੀਸਦੀ ਤੋਂ ਵੱਧ ਕੇ 53 ਫ਼ੀਸਦੀ ਹੋ ਗਿਆ ਹੈ। ਇਹ ਕਾਰਵਾਈ ਇਕਸਾਰ ਟੈਕਸਾਂ ਦੇ ਹਰ ਸਿਧਾਂਤ ਦੀ ਖ਼ਿਲਾਫ਼ਵਰਜੀ ਹੈ। ਜ਼ਿਆਦਾ ਸਿੱਧੇ ਟੈਕਸ, ਖ਼ਾਸਕਰ ਕਾਰਪੋਰੇਟ ਟੈਕਸ ਲਾਉਣੇ ਹਮੇਸ਼ਾ ਅਗਾਂਹਵਧੂ ਤੇ ਚੰਗੇ ਮੰਨੇ ਜਾਂਦੇ ਹਨ ਕਿਉਂਕਿ ਇਨ੍ਹਾਂ ਕਰਾਂ ਦਾ ਭਾਰ ਉਨ੍ਹਾਂ ਵੱਡੇ ਲੋਕਾਂ ਉਤੇ ਪੈਂਦਾ ਹੈ ਜਿਹੜੇ ਇਨ੍ਹਾਂ ਨੂੰ ਅਦਾ ਕਰ ਸਕਦੇ ਹਨ। ਦੂਜੇ ਪਾਸੇ ਅਸਿੱਧੇ ਕਰ ਜੀਐੱਸਟੀ, ਸੇਲਜ਼ ਟੈਕਸ, ਵੈਟ, ਕਸਟਮ, ਐਕਸਾਈਜ਼ ਆਦਿ ਦਾ ਅਸਰ ਸਭ ਲੋਕਾਂ ਉਤੇ ਪੈਂਦਾ ਹੈ, ਭਾਵੇਂ ਉਹ ਅਮੀਰ ਹੋਣ ਜਾਂ ਗ਼ਰੀਬ। ਅਰਥਚਾਰੇ ਵਿਚ ਅਸਿੱਧੇ ਟੈਕਸਾਂ ਦਾ ਜਿੰਨਾ ਜ਼ਿਆਦਾ ਹਿੱਸਾ ਹੋਵੇਗਾ, ਓਨਾ ਹੀ ਉਸ ਢਾਂਚੇ ਨੂੰ ਨਾ-ਬਰਾਬਰੀ ਵਾਲਾ ਮੰਨਿਆ ਜਾਵੇਗਾ।ਖੁੱਲ੍ਹੇ ਬਾਜ਼ਾਰ ਦੇ ਹਮਾਇਤੀ ਅਰਥ ਸ਼ਾਸਤਰੀ ਸਾਨੂੰ ਦੱਸਦੇ ਹਨ ਕਿ ਖੁੱਲ੍ਹੇ ਅਰਥਚਾਰਿਆਂ ਵਿਚ ਸ਼ੇਅਰ ਬਾਜ਼ਾਰ ਬਰਾਬਰੀ ਲਿਆਉਣ ਪੱਖੋਂ ਬੜੀ ਵੱਡੀ ਭੂਮਿਕਾ ਨਿਭਾਉਂਦੇ ਹਨ। ਇਸ ਗੱਲ ਸਾਡੇ ਦਿਮਾਗ਼ਾਂ ਵਿਚ ਬਹੁਤ ਕਾਮਯਾਬੀ ਨਾਲ ਡੂੰਘਾਈ ਤੱਕ ਫਿੱਟ ਕਰ ਦਿੱਤੀ ਗਈ ਹੈ ਕਿ ਸ਼ੇਅਰ ਬਾਜ਼ਾਰ ਵਿਚ ਨਿਵੇਸ਼ ਰਾਹੀਂ ਆਮ ਨਾਗਰਿਕਾਂ ਨੂੰ ਕਾਰਪੋਰੇਟ ਮੁਨਾਫ਼ੇ ਵਿਚੋਂ ਹਿੱਸਾ ਵੰਡਾਉਣ ਦਾ ਮੌਕਾ ਮਿਲਦਾ ਹੈ। ਇਸ ਲਈ ਜਦੋਂ ਸਰਕਾਰੀ ਨੀਤੀ ਵਿਆਜ ਦਰਾਂ ਘੱਟ ਰੱਖਣ ਵੱਲ ਸੇਧਿਤ ਹੁੰਦੀ ਹੈ ਅਤੇ ਨਾਲ ਹੀ ਸ਼ੇਅਰ ਬਾਜ਼ਾਰ ਤੋਂ ਹੋਣ ਵਾਲੇ ਮੁਨਾਫ਼ੇ ਉਤੇ ਵੀ ਘੱਟ ਟੈਕਸ ਲਾਏ ਜਾਂਦੇ ਹਨ ਤਾਂ ਕੋਈ ਵੀ ਵਿਰੋਧ ਨਹੀਂ ਕਰਦਾ।

ਬੈਂਕਾਂ ਵਿਚ ਜਮ੍ਹਾਂ ਰਕਮਾਂ ਤੋਂ ਘੱਟ ਵਿਆਜ ਕਾਰਨ ਘੱਟ ਕਮਾਈ ਹੋਣ ਕਾਰਨ ਸ਼ੇਅਰ ਬਾਜ਼ਾਰ ਵਿਚ ਵੱਧ ਨਿਵੇਸ਼ ਨੂੰ ਸ਼ਹਿ ਮਿਲਦੀ ਹੈ। ਸਾਡੇ ਨੀਤੀ ਘਾੜੇ ਸਾਨੂੰ ਦੱਸਦੇ ਹਨ ਕਿ ਇਸ ਨਾਲ ਘਰਾਂ ਦੀਆਂ ਬੱਚਤਾਂ, ਬੈਂਕਾਂ ਦੀ ਵਿਚੋਲਗੀ ਤੋਂ ਬਿਨਾ ਹੀ ਸਿੱਧੀਆਂ ਉਤਪਾਦਕ ਕਾਰਜਾਂ ਵਿਚ ਚਲੇ ਜਾਂਦੀਆਂ ਹਨ। ਸਾਫ਼ ਹੈ ਕਿ ਇਸ ਨਾਲ ਨਿਜੀ ਕੰਪਨੀਆਂ ਦਾ ਮਾਲਕੀ ਆਧਾਰ ਵਧਦਾ ਹੈ ਤੇ ਉਨ੍ਹਾਂ ਦੇ ਅਸਾਸਿਆਂ ਵਿਚ ਵੀ ਇਜ਼ਾਫ਼ਾ ਹੁੰਦਾ ਹੈ। ਹਕੀਕਤ ਇਹ ਹੈ ਕਿ ਬਾਜ਼ਾਰ ਤੋਂ ਉਨ੍ਹਾਂ ਨੂੰ ਹੀ ਜ਼ਿਆਦਾ ਫ਼ਾਇਦਾ ਹੁੰਦਾ ਹੈ ਜੋ ਬਾਜ਼ਾਰ ਵਿਚ ਭਾਰੀ ਰਕਮਾਂ ਲਾ ਸਕਦੇ ਹਨ। ਬਾਜ਼ਾਰ ਵਿਚ ਕਿਹੜੀਆਂ ਕੰਪਨੀਆਂ ਦੀ ਕਾਰਗੁਜ਼ਾਰੀ ਵਧੀਆ ਰਹਿਣੀ ਚਾਹੀਦੀ ਹੈ, ਇਹ ਫ਼ੈਸਲਾ ਕੁਝ ਕੁ ਵੱਡੇ ਨਿਵੇਸ਼ਕ ਹੀ ਕਰਦੇ ਹਨ।

ਗ਼ੌਰ ਕਰਨ ਵਾਲੀ ਗੱਲ ਹੈ ਕਿ ਕੋਵਿਡ ਦਾ ਸਾਲ, ਜਿਹੜਾ ਆਜ਼ਾਦ ਭਾਰਤ ਦੇ ਹੁਣ ਤੱਕ ਦੇ ਸਭ ਤੋਂ ਭਿਆਨਕ ਮੰਦਵਾੜੇ ਦਾ ਸਾਲ ਸੀ, ਉਹੀ ਵਰ੍ਹਾ ਰਿਕਾਰਡ ਕਾਰਪੋਰੇਟ ਮੁਨਾਫ਼ਿਆਂ, ਘੱਟ ਤੋਂ ਘੱਟ ਕਾਰਪੋਰੇਟ ਟੈਕਸਾਂ ਦਾ ਵੀ ਸਾਲ ਹੈ ਅਤੇ ਸ਼ੇਅਰ ਬਾਜ਼ਾਰਾਂ ਲਈ ਵੀ ਇਹ ਬਹੁਤ ਕਮਾਊ ਸਾਲ ਹੈ। ਇਸ ਸਮੇਂ ਦੌਰਾਨ ਜਿਥੇ ਭਾਰਤੀਆਂ ਦੀ ਵੱਡੀ ਬਹੁਗਿਣਤੀ ਦੀ ਅਸਲ ਆਮਦਨ ਵਿਚ ਭਾਰੀ ਗਿਰਾਵਟ ਆਈ, ਦੂਜੇ ਪਾਸੇ ਸਾਡੀ ਇਕ ਫ਼ੀਸਦੀ ਅਮੀਰ ਆਬਾਦੀ ਹੋਰ ਅਮੀਰ ਹੋਈ ਹੈ। ਇਹ 30 ਸਾਲਾਂ ਦੇ 'ਸੁਧਾਰਾਂ' ਦਾ ਅਟੱਲ ਉਲਟ ਅਸਰ ਹੈ।

**ਔਨਿੰਦਿਓ ਚਕਰਵਰਤੀ**

***ਲੇਖਕ ਸੀਨੀਅਰ ਆਰਥਿਕ ਵਿਸ਼ਲੇਸ਼ਕ ਹੈ।**

## ਰੌਮਾਂਚਕ ਫ਼ਿਲਮਾਂ ਸਦਾਬਹਾਰ ਹਨ: ਤਾਪਸੀ ਪੰਨੂ



**ਮੁੰਬਈ।** ਅਦਾਕਾਰਾ ਤਾਪਸੀ ਪੰਨੂ ਦੀ ਰੌਮਾਂਚਕ ਫ਼ਿਲਮ 'ਹਸੀਨ ਦਿਲਰੁਬਾ' ਓਟੀਟੀ ਰਿਲੀਜ਼ ਲਈ ਬਿਲਕੁਲ ਤਿਆਰ ਹੈ। ਇਸ ਮੌਕੇ ਇੱਕ ਇੰਟਰਵਿਊ ਦੌਰਾਨ ਰੌਮਾਂਚਕ ਫ਼ਿਲਮਾਂ ਬਾਰੇ ਗੱਲਬਾਤ ਕਰਦਿਆਂ ਤਾਪਸੀ ਨੇ ਕਿਹਾ ਕਿ ਦਰਸ਼ਕਾਂ ਵਿੱਚ ਰੌਮਾਂਚਕ ਫ਼ਿਲਮਾਂ ਦਾ ਪ੍ਰਸਿੱਧ ਹੋਣਾ ਬਹੁਤ ਹੀ ਸੁਭਾਵਕ ਗੱਲ ਹੈ। ਅਦਾਕਾਰਾ ਨੇ ਕਿਹਾ, 'ਰੌਮਾਂਚਕ ਫ਼ਿਲਮਾਂ ਵਿਚਲੀ ਉਤਸੁਕਤਾ ਲਗਪਗ ਹਰ ਪੀੜ੍ਹੀ ਨੂੰ ਆਪਣੇ ਵੱਲ ਖਿੱਚਦੀ ਹੈ।' ਤਾਪਸੀ ਇਸ ਫ਼ਿਲਮ ਵਿੱਚ ਰਾਣੀ ਦਾ ਕਿਰਦ-ਾਰ ਨਿਭਾਅ ਰਹੀ ਹੈ, ਜਿਸ ਦੇ ਪਤੀ ਦੀ ਮੌਤ ਤੋਂ ਬਾਅਦ ਉਹ ਸ਼ੱਕ ਦੇ ਘੇਰੇ ਵਿੱਚ ਆ ਜਾਂਦੀ ਹੈ। ਇਹ ਫ਼ਿਲਮ 2 ਜੁਲਾਈ ਨੂੰ ਨੈਟਫਲਿਕਸ 'ਤੇ ਰਿਲੀਜ਼ ਕੀਤੀ ਜਾ ਰਹੀ ਹੈ।

## ਦੇਵੇਂਦਰ ਝਾਜੜੀਆ ਟੋਕੀਓ ਪੈਰਾਲੰਪਿਕ ਲਈ ਕੁਆਲੀਫਾਈ

**ਨਵੀਂ ਦਿੱਲੀ।** ਭਾਰਤ ਦੇ ਪੈਰਾਓਲੰਪੀਅਨ ਦੇਵੇਂਦਰ ਝਾਜੜੀਆ ਨੇ ਕੌਮੀ ਚੋਣ ਟਰਾਇਲ ਵਿਚ ਆਪਣੇ ਹੀ ਰਿਕਾਰਡ ਨੂੰ ਤੋੜਦਿਆਂ ਟੋਕੀਓ ਪੈਰਾਲੰਪਿਕ ਖੇਡਾਂ ਲਈ ਕੁਆਲੀਫਾਈ ਕੀਤਾ ਹੈ। ਪੈਰਾਲੰਪਿਕ ਖੇਡਾਂ ਵਿਚ ਪੁਰਸ਼ਾਂ ਦੇ ਐਫ-46 ਵਰਗ ਵਿਚ ਦੋ ਸੋਨ ਤਗਮੇ ਜਿੱਤਣ ਵਾਲੇ 40 ਸਾਲਾ ਦੇਵੇਂਦਰ ਨੇ 65.71 ਮੀਟਰ ਜੈਵਲਿਨ ਥਰੋਅ ਸੁੱਟ ਕੇ ਆਪਣਾ ਰਿਕਾਰਡ ਸੁਧਾਰਿਆ। ਉਸ ਨੇ ਇਹ ਰਿਕਾਰਡ ਰੀਓ ਪੈਰਾਲੰਪਿਕ ਵਿਚ ਸਾਲ 2016 ਦੌਰਾਨ ਬਣਾਇਆ ਸੀ। ਦੇਵੇਂਦਰ ਨੇ ਅੱਜ ਟਵੀਟ ਕਰ ਕੇ ਦੱਸਿਆ ਕਿ ਉਸ ਨੇ 63.97 ਮੀਟਰ ਦੇ ਆਪਣੇ ਰਿਕਾਰਡ ਨੂੰ ਤੋੜ ਕੇ ਹੁਣ 65.71 ਮੀਟਰ ਦਾ ਨਵਾਂ ਰਿਕਾਰਡ ਬਣਾਇਆ ਹੈ। ਉਸ ਨੇ ਇਸ ਦਾ ਸਿਹਰਾ ਆਪਣੇ ਪਰਿਵਾਰ, ਕੋਚ ਸੁਨੀਲ ਤੰਵਰ ਤੇ ਫਿਟਨੈਸ ਟਰੇਨਰ ਲਕਸ਼ੈ ਬੱਤਰਾ ਨੂੰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਟੋਕੀਓ ਪੈਰਾਲੰਪਿਕ 24 ਅਗਸਤ ਤੋਂ ਸ਼ੁਰੂ ਹੋ ਰਹੇ ਹਨ। ਦੇਵੇਂਦਰ ਇਸ ਵਾਰ ਤੀਜੇ ਪੈਰਾਲੰਪਿਕ ਵਿਚ ਹਿੱਸਾ ਲੈ ਰਿਹਾ ਹੈ। ਇਸ ਤੋਂ ਇਲਾਵਾ ਏਸ਼ਿਆਈ ਪੈਰਾ ਖੇਡਾਂ ਦੇ ਸੋਨ ਤਗਮਾ ਜੇਤੂ ਡਿਸਕਸ ਥਰੋਅਰ ਅਮਿਤ ਕੁਮਾਰ ਸਰੋਹਾ ਤੇ ਸੰਦੀਪ ਚੌਧਰੀ ਨੇ ਕਰੋਨਾ ਤੋਂ ਠੀਕ ਹੋ ਕੇ ਟੋਕੀਓ ਪੈਰਾਲੰਪਿਕ ਲਈ ਕੁਆਲੀਫਾਈ ਕਰ ਲਿਆ ਹੈ।




## ਕਰਿਸ਼ਮਾ ਕਪੂਰ ਨੇ ਬੌਲੀਵੁੱਡ 'ਚ 30 ਸਾਲਾਂ ਦੇ ਸਫ਼ਰ ਨੂੰ ਕੀਤਾ ਯਾਦ

**ਮੁੰਬਈ।** ਅਦਾਕਾਰਾ ਕਰਿਸ਼ਮਾ ਕਪੂਰ ਨੇ ਅੱਜ ਇਥੇ ਸੋਸ਼ਲ ਮੀਡੀਆ 'ਤੇ ਬੌਲੀਵੁੱਡ ਵਿੱਚ ਆਪਣੇ ਸਫ਼ਰ ਦੇ 30 ਸਾਲ ਪੂਰੇ ਕਰਨ 'ਤੇ ਬੀਤੇ ਸਮੇਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਅਦਾਕਾਰਾ ਨੇ ਇੰਸਟਾਗ੍ਰਾਮ 'ਤੇ ਆਪਣੇ ਪੁਰਾਣੇ ਹਿੱਟ ਗਾਣਿਆਂ ਦੀ ਇੱਕ ਵੀਡੀਓ ਸਾਂਝੀ ਕੀਤੀ। ਉਸ ਨੇ ਵੀਡੀਓ ਕਲਿੱਪ ਦੇ ਥੱਲੇ ਕੈਪਸ਼ਨ ਵਿੱਚ ਲਿਖਿਆ, "90ਵੇਂ ਦਹਾਕੇ ਦੇ ਗੀਤਾਂ ਨਾਲ ਯਾਦਾਂ ਤਾਜ਼ਾ ਕਰਦਿਆਂ...।" ਵੀਡੀਓ ਵਿੱਚ 1990 ਤੋਂ 2000 ਤੱਕ ਆਈਆਂ ਉਸ ਦੀਆਂ ਮਸ਼ਹੂਰ ਫਿਲਮਾਂ ਜਿਵੇਂ 'ਹੀਰੋ ਨੰਬਰ 1', 'ਕੁਲੀ ਨੰਬਰ 1', 'ਦਿਲ ਤੋਂ ਪਾਗਲ ਹੈ', 'ਜ਼ੁਬੈਦਾ', 'ਦੁਲਹਨ ਹਮ ਲੇ ਜਾਏਗੇਂ", 'ਹਮ ਸਾਥ-ਸਾਥ ਹੈ', 'ਰਾਜਾ ਬਾਬੂ' ਅਤੇ 'ਅੰਦਾਜ਼ ਅਪਨਾ ਅਪਨਾ' ਦੇ ਗੀਤ ਸ਼ਾਮਲ ਹਨ। ਕਰਿਸ਼ਮਾ ਨੇ 21 ਜੂਨ, 1991 ਵਿੱਚ ਰਿਲੀਜ਼ ਹੋਈ ਫਿਲਮ 'ਪ੍ਰੇਮ ਕੈਦੀ' ਨਾਲ ਬੌਲੀਵੁੱਡ ਵਿੱਚ ਕਦਮ ਰੱਖਿਆ ਸੀ। ਇਹ ਫਿਲਮ ਕੇ. ਮੁਰਲੀ ਮੋਹਨ ਰਾਓ ਦੇ ਨਿਰਦੇਸ਼ਨ ਹੇਠ ਬਣੀ ਸੀ ਅਤੇ ਫਿਲਮ ਵਿੱਚ ਸਹਿ-ਅਦਾਕਾਰ ਹਰੀਸ਼ ਸੀ। ਅਦਾਕਾਰਾ ਆਖਰੀ ਵਾਰ



ਸਕਰੀਨ 'ਤੇ ਪਿਛਲੇ ਸਾਲ ਰਿਲੀਜ਼ ਹੋਈ ਵੈੱਬ ਸੀਰੀਜ਼ 'ਮੈਂਟਲਹੁੱਡ' ਵਿੱਚ ਦਿਖਾਈ ਦਿੱਤੀ ਸੀ। ਕਰਿਸ਼ਮਾ ਦੇ ਵੀਡੀਓ ਪੋਸਟ ਪਾਉਂਦਿਆਂ ਹੀ ਇੰਡਸਟਰੀ ਦੇ ਦੋਸਤਾਂ ਸਣੇ ਪ੍ਰਸ਼ੰਸਕਾਂ ਨੇ ਕੁਮੈਂਟ ਕਰਨੇ ਸ਼ੁਰੂ ਕਰ ਦਿੱਤੇ। ਸੋਨਮ ਕਪੂਰ ਦੀ ਭੈਣ ਰੀਆ ਕਪੂਰ ਨੇ ਉਸ ਨੂੰ 'ਫੈਸ਼ਨ ਆਇਕਨ' ਦੱਸਿਆ।

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਵਿਸ਼ਵ ਡਾਕਟਰ ਦਿਵਸ ਤੇ ਡਾਕਟਰਾਂ ਨੂੰ ਸਨਮਾਨਿਤ ਕੀਤਾ

**ਕਰਤਾਰਪੁਰ ( ਜਸਵੰਤ ਵਰਮਾ, ਦਿਨੇਸ਼ ਕੁਮਾਰ)**ਵਿਸ਼ਵ ਡਾਕਟਰ ਦਿਵਸ ਦੇ ਮੌਕੇ ਤੇ ਸੀ.ਐੱਚ.ਸੀ ਕਰਤਾਰਪੁਰ ਦੇ ਐੱਸ.ਐੱਮ.ਓ ਡਾ. ਕੁਲਦੀਪ ਸਿੰਘ ਜੀ ਨੂੰ ਭਾਜਪਾ ਮੰਡਲ ਕਰਤਾਰਪੁਰ ਵਲੋਂ ਬੁੱਕੇ ਦੇ ਕਰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਮੰਡਲ ਪ੍ਰਧਾਨ ਸ਼ੈਲੀ ਮਹਾਜਨ ਨੇ ਐੱਸ.ਐੱਮ.ਓ ਸਾਹਿਬ ਨੂੰ ਅਤੇ ਉਨ੍ਹਾਂ ਦੀ ਟੀਮ ਨੂੰ ਕੋਰੋਨਾ ਕਾਲ ਦੇ ਵਿਚ ਨਿਭਾ ਰਹੇ ਜ਼ੰਮਿਵਾਰੀ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਸਾਰਿਆਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਤੇ ਜਨਰਲ ਸਕੱਤਰ ਪਵਨ ਠਾਕੁਰ ਸਿਟੀ ਇੰਚਾਰਜ ਨਰਿੰਦਰ ਸਿੱਲ੍ਹੀ ਖਜ਼ਾਨਚੀ ਮਧੂਸੂਦਨ ਯੁਵਾ ਪ੍ਰਧਾਨ ਅਮਨ ਸ਼ਰਮਾ ਮੌਜੂਦ ਸਨ ।



# ਸਫਾਈ ਕਰਮਚਾਰੀਆਂ ਵੱਲੋਂ ਕੈਂਟ ਬੋਰਡ ਦਫਤਰ ਸਾਹਮਣੇ ਰੋਸ ਧਰਨਾ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ )**- ਕੈਂਟ ਬੋਰਡ ’ਚ ਸਫਾਈ ਦਾ ਕੰਮ ਕਰਨ ਵਾਲੇ ਕਰਮਚਾਰੀਆਂ ਵੱਲੋਂ ਫਿਰੋਜਪੁਰ-ਸਾਦਿਕ ਰੋਡ ’ਤੇ ਸਥਿੱਤ ਕੈਂਟ ਬੋਰਡ ਦੇ ਸਾਹਮਣੇ ਰੋਡ ਜਾਮ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦੇ ਸਫਾਈ ਕਰਮਚਾਰੀਆਂ ਨੇ ਕਿਹਾ ਕਿ ਉਹ ਪਿਛਲੇ 4-5 ਸਾਲਾਂ ਤੋਂ ਕੰਮ ਕਰ ਰਹੇ ਹਨ ਅਤੇ ਕਦੇ ਵੀ ਕਿਸੇ ਨੂੰ ਨੌਕਰੀ ਤੋਂ ਨਹੀਂ ਕੱਢਿਆ ਗਿਆ। ਜਿਸ ਕਾਰਨ ਸਮੂਹ ਸਫਾਈ ਕਰਮਚਾਰੀਆਂ ਵਿੱਚ ਰੋਸ ਦੀ ਲਹਿਰ ਪਾਈ ਜਾ ਰਹੀ ਹੈ। ਸਫਾਈ ਕਰਮਚਾਰੀਆਂ ਨੇ ਦੋਸ਼ ਲਗਾਇਆ ਕਿ ਕੈਂਟ ਬੋਰਡ ਦੇ ਅਧਿਕਾਰੀਆਂ ਵੱਲੋਂ ਮੋਟੇ ਪੈਸਿਆਂ ਦਾ ਲੈਣ ਦੇਣ ਕਰਕੇ ਕਰਮਚਾਰੀਆਂ ਨੂੰ ਭਰਤੀ ਕੀਤਾ ਜਾ ਰਿਹਾ ਹੈ, ਜਦਕਿ ਪੁਰਾਣੇ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਹਨਾ ਕਿਹਾ ਕਿ ਜੇਕਰ ਕੈਂਟ ਬੋਰਡ ਵੱਲੋਂ ਉਹਨਾਂ ਨੂੰ ਸਫਾਈ ਕਰਮਚਾਰੀਆਂ ਦੀ ਲਿਸਟ ਵਿਚ ਸ਼ਾਮਲ ਨਾ ਕੀਤਾ ਗਿਆ ਤਾਂ ਉਹ ਸੰਘਰਸ਼ ਨੂੰ ਤਿੱਖਾ ਕਰਨਗੇ, ਜਿਸਦੇ ਨਿੱਕਲਣ ਵਾਲੇ ਸਿੱਟੇ ਦੀ ਜ਼ਿੰਮੇਵਾਰ ਕੈਂਟ ਬੋਰਡ ਦੇ ਅਧਿਕਾਰੀ ਹੋਣਗੇ। ਇਸ ਮੌਕੇ ਕੈਂਟ ਬੋਰਡ ਦੇ ਅਧਿਕਾਰੀਆ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਹਰ



ਸਾਲ ਸਫਾਈ ਸਬੰਧੀ ਠੇਕਾ ਹੁੰਦਾ ਹੈ। ਜੇਕਰ ਸਫਾਈ ਕਰਮਚਾਰੀਆਂ ਨੂੰ ਕੋਈ ਪ੍ਰੇਸ਼ਾਨੀ ਆ ਰਹੀ ਹੈ ਤਾਂ ਉਸਦਾ ਜਿੰਮੇਵਾਰ ਠੇਕੇਦਾਰ ਹੈ।

# ਮਾਪੇ-ਅਧਿਆਪਕ ਮਿਲਣੀ 1 ਅਤੇ 2 ਜੁਲਾਈ ਨੂੰ

## ਮਿਲਦੇ ਜਦੋਂ ਅਧਿਆਪਕ-ਮਾਪੇ ਫੇਰ ਸਮੱਸਿਆਵਾਂ ਹੱਲ ਹੁੰਦੀਆਂ ਆਪੇ

**ਜਲੰਧਰ।** ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਸਰਕਾਰ ਵਿੱਚ ਪਿਛਲੇ ਸਮੇਂ ਦੌਰਾਨ ਸਮੂਹ ਸਿੱਖਿਆ ਅਮਲੇ ਦੀ ਮਿਹਨਤ ਸਦਕਾ ਭਾਰਤ ਸਰਕਾਰ ਵੱਲੋਂ ਸਕੂਲੀ ਸਿੱਖਿਆ ਸਬੰਧੀ ਕੀਤੀ ਦਰਜਾਬੰਦੀ ਵਿੱਚ ਪੰਜਾਬ ਦੇਸ਼ ਦਾ ਇੱਕਲੌਤਾ ਨੰ. 1 ਸੂਬਾ ਬਣਿਆ ਹੈ। ਹਰਿੰਦਰਪਾਲ ਸਿੰਘ ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਧਿਆਪਕ ਇਸ ਮਾਣਮੱਤੀ ਪ੍ਰਾਪਤੀ ਤੋਂ ਜਨ-ਜਨ ਨੂੰ ਜਾਣੂ ਕਰਵਾਉਣ ਤਾਂ ਕਿ ਸਰਕਾਰੀ ਸਕੂਲਾਂ ਦੀ ਬਿਹਤਰੀ ਲਈ ਸਹਿਯੋਗ ਕਰਨ ਵਾਲੇ ਪਤਵੰਤਿਆਂ ਦਾ ਧੰਨਵਾਦ ਕੀਤਾ ਜਾ ਸਕੇ ਅਤੇ ਭਵਿੱਖ ਵਿੱਚ ਵੀ ਸਰਕਾਰੀ ਸਕੂਲਾਂ ਨਾਲ ਇਵੇਂ ਹੀ ਤਾਲਮੇਲ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ ਜਾ ਸਕੇ। ਇਸ ਤੋ ਇਲਾਵਾ ਮਹਾਂਮਾਰੀ ਦੌਰਾਨ ਵੀ ਆਨਲਾਈਨ ਪੜ੍ਹਾਈ ਨਾਲ ਨਿਰੰਤਰ ਜੁੜੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਰਿਪੋਰਟ ਸਾਂਝਾ ਕਰਨ ਲਈ ਆਉਣ ਵਾਲੀ 1 ਅਤੇ 2 ਜੁਲਾਈ ਨੂੰ ਮਾਪੇ-ਅਧਿਆਪਕ ਮਿਲਣੀ ਕਰਵਾਈ ਜਾ ਰਹੀ ਹੈ।

ਇਸ ਤੋਂ ਇਲਾਵਾ ਮਾਪੇ-ਅਧਿਆਪਕ ਮਿਲਣੀ ਦੇ ਮੁੱਖ ਏਜੰਡੇ ਭਾਰਤ ਸਰਕਾਰ ਵੱਲੋਂ ਜਾਰੀ ਦਰਜਾਬੰਦੀ ਵਿੱਚ ਪੰਜਾਬ ਸੂਬੇ ਦੀ ਪ੍ਰਾਪਤੀ ਤੋਂ ਇਲਾਵਾ ਅੱਪਰ ਪ੍ਰਾਇਮਰੀ ਜਮਾਤਾਂ ਦੀਆਂ 5 ਜੁਲਾਈ ਤੋਂ ਸ਼ੁਰੂ ਹੋਣ ਵਾਲੀਆਂ ਪ੍ਰੀਖਿਆਵਾਂ ਦੀ ਡੇਟਸ਼ੀਟ ਮਾਪਿਆਂ ਨਾਲ ਸਾਂਝੀ ਕਰਨਾ, ਅਧਿਆਪਕਾਂ ਵੱਲੋਂ ਆਪਣੇ ਪੱਧਰ 'ਤੇ ਲਗਾਈਆਂ ਜਾ ਰਹੀਆਂ ਆਨਲਾਈਨ ਜਮਾਤਾਂ ਦੀ ਸਮਾਂ-ਸਾਰਣੀ ਦੀ ਜਾਣਕਾਰੀ ਦੇਣਾ, ਟੀ ਵੀ ਜਮਾਤਾਂ ਦੇ ਸ਼ਡਿਊਲ ਬਾਰੇ ਮਾਪਿਆਂ ਨੂੰ ਜਾਣਕਾਰੀ ਦੇ ਕੇ ਵਿਦਿਆਰਥੀਆਂ ਦੀ ਹਾਜ਼ਰੀ ਯਕੀਨੀ ਬਣਾਉਣਾ, ਜੁਲਾਈ ਮਹੀਨੇ ਦੌਰਾਨ ਕਰਵਾਏ ਜਾਣ ਵਾਲੇ ਸਿਲੇਬਸ ਬਾਰੇ ਜਾਣੂ ਕਰਵਾਉਣਾ , ਵਿਦਿਆਰਥੀਆਂ ਦੇ ਅਭਿਆਸ ਲਈ ਵਿਭਾਗ ਵੱਲੋਂ ਲਗਾਤਾਰ ਭੇਜੇ ਜਾ ਰਹੇ ਸਪਲੀਮੈਂਟਰੀ ਮਟੀਰੀਅਲ , ਰੋਜ਼ਾਨਾ ਹੋਮ ਵਰਕ, ਅਭਿਆਸ ਸ਼ੀਟਾਂ ,ਰੋਜ਼ਾਨਾ ਸਲਾਈਡਾਂ ਅਤੇ ਮੁਲਾਂਕਣ ਸ਼ੀਟਾਂ ਆਦਿ ਏਜੰਡਿਆਂ ਸਬੰਧੀ ਵੀ ਸਾਰਿਆਂ ਨੂੰ ਲਾਜ਼ਮੀ ਤੌਰ 'ਤੇ ਜਾਣੂ ਕਰਵ-ਾਇਆ ਜਾਵੇਗਾ।

ਰਾਮਪਾਲ ਸਿੰਘ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ) ਨੇ ਦੱਸਿਆ ਕਿ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਵੀ ਵਿਦਿਆਰਥੀਆਂ ਨੂੰ ਪੜ੍ਹਾਈ ਨਾਲ ਜੋੜੀ ਰੱਖਣ ਲਈ ਵਿਭਾਗ ਵੱਲੋਂ ਰੋਜ਼ਾਨਾ ਸਲਾਈਡਾਂ ,ਟੀ ਵੀ ਜਮਾਤਾਂ ਆਦਿ ਦੀ ਉਪਲੱਬਧਤਾ ਕਰਵਾਈ ਗਈ। ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਹੁਣ ਹੋਰ ਵੀ ਯੋਜਨਾਬੱਧ ਢੰਗਾਂ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਲਗਾਤਾਰਤਾ ਬਣਾਏ ਰੱਖਣਾ, ਵਿਦਿਆਰਥੀਆਂ ਦੇ ਮਾਪਿਆਂ ਨੂੰ ਵਿਭਾਗ ਵੱਲੋਂ ਅਧਿਆਪਕਾਂ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਉੱਦਮਾਂ ਅਤੇ ਪੜ੍ਹਾਈ ਲਈ ਉਪਲੱਬਧ ਸਾਧਨਾਂ ਬਾਰੇ ਜਾਣੂ ਕਰਵਾਇਆ ਜਾਵੇਗਾ।

ਉਹਨਾਂ ਦੱਸਿਆ ਕਿ ਇਸ ਮਾਪੇ-ਅਧਿਆਪਕ ਮਿਲਣੀ ਵਿੱਚ ਵਿਭਾਗ ਵੱਲੋਂ ਪ੍ਰੀ-ਪ੍ਰਾਇਮਰੀ ਜਮਾਤ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ, ਪੰਚਾਇਤ ਮੈਂਬਰਾਂ, ਐੱਸ.ਐੱਮ.ਸੀ . ਮੈਂਬਰਾਂ ਅਤੇ ਹੋਰ ਪਤਵੰਤੇ ਸੱਜਣਾਂ ਤੱਕ ਪਹੁੰਚ ਕਰਨ ਦਾ ਟੀਚਾ ਮਿੱਥਿਆ ਗਿਆ ਹੈ।

ਵਿਭਾਗ ਵੱਲੋਂ ਕੋਵਿਡ-19 ਤੋਂ ਸੁਰੱਖਿਆ ਦੇ ਮੱਦੇਨਜ਼ਰ ਮਾਪੇ-ਅਧਿਆ ਪਕ ਮਿਲਣੀ ਫੋਨ ਕਾਲ/ਵੀਡੀਓ ਕਾਲ ਰਾਹੀਂ ਆਨਲਾਈਨ ਕਰਵਾਉਣ ਦੀ ਵੀ ਹਦਾਇਤ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਮਿਲਣੀ ਸਬੰਧੀ ਸਮੂਹ ਜ਼ਿਲ੍ਹਾ ਅਧਿਕਾਰੀ ,ਸਕੂਲ ਮੁਖੀ , ਅਧਿਆਪਕ ਅਤੇ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ ਦੇ ਮੈਂਬਰ ,ਪੋਸਟਰਾਂ ਰਾਹੀਂ ,ਆਡੀਓ/ਵੀਡੀਓ ਅਤੇ ਲਿਖਤੀ ਸੁਨੇਹਿਆਂ ਤੋਂ ਇਲਾਵਾ ਸਾਂਝੀਆਂ ਥਾਵਾਂ ਤੋਂ ਅਨਾਊਂਸਮੈਂਟ ਕਰਵਾ ਕੇ ਸਬੰਧਿਤ ਨੂੰ ਅਗਾਊਂ ਤੌਰ 'ਤੇ ਜਾਣੂ ਕਰਵਾਉਣਗੇ। ਇਸ ਦੌਰਾਨ ਵਿਭਾਗ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਆਨਲਾਈਨ ਮਾਪੇ-ਅਧਿਆਪਕ ਮਿਲਣੀ ਵਿੱਚ ਸਮੂਹ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਵੱਲੋਂ ਆਪਣੇ ਅਧਿਆਪਕਾਂ ਨੂੰ ਹੱਲਾਸ਼ੇਰੀ ਦੇਣ ਅਤੇ ਹਾਜ਼ਰ ਮਾਪਿਆਂ/ਕਮੇਟੀ ਮੈਂਬਰਾਂ/ ਪਤਵੰਤਿਆਂ ਦੁਆਰਾ ਭਵਿੱਖ ਵਿੱਚ ਸਿੱਖਿਆ ਦੀ ਬਿਹਤਰੀ ਲਈ ਦਿੱਤੇ ਜਾਣ ਵਾਲੇ ਸੁਝਾਵਾਂ ਤੋਂ ਜਾਣੂ ਹੋਣ ਲਈ ਮੀਟਿੰਗਾਂ ਵਿੱਚ ਰੈਂਡਮ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇਗੀ। ਇਸ ਤੋਂ ਇਲਾਵਾ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ ਦੇ ਮੈਂਬਰ ਸਾਹਿਬਾਨ ਜ਼ਿਆਦਾ ਗਿਣਤੀ ਵਾਲੇ ਸਕੂਲਾਂ ਦੇ ਅਧਿਆਪਕਾਂ ਦੇ ਸਹਿਯੋਗੀ ਦੇ ਰੂਪ ਵਿੱਚ ਭੂਮਿਕਾ ਨਿਭਾਉਣਗੇ।

# ਬਿਜਲੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਐਕਸੀਅਨ ਨੂੰ ਦਿੱਤਾ ਮੰਗ ਪੱਤਰ

## ਜਲਦ ਹੱਲ ਨਾਂ ਕੀਤਾ ਤੇ ਕਰਾਂਗੇ ਰੋਡ ਜਾਮ -ਜਸਵੰਤ ਸਿੰਘ ਰੰਧਾਵਾ

**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੀ ਮੁਕੇਰੀਆਂ ਇਕਾਈ ਵਲੋਂ ਸਰਦਾਰ ਜਸਵੰਤ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਕਿਸਾਨਾਂ ਦਾ ਵਫ਼ਦ ਐਕਸੀਅਨ ਬਿਜਲੀ ਬੋਰਡ ਮੁਕੇਰੀਆਂ ਨੂੰ ਮਿਲਿਆ ਅਤੇ ਇਹਨਾਂ ਦਿਨਾਂ ਵਿੱਚ ਕਿਸਾਨਾਂ ਨੂੰ ਬਿਜਲੀ ਸਪਲਾਈ ਦੀ ਆਉਂਦੀ ਭਾਰੀ ਮੁਸਕਿਲ ਦੀ ਸਮੱਸਿਆ ਨੂੰ ਜਲਦੀ ਤੋਂ ਜਲਦੀ ਹੱਲ ਕਰਵਾਉਣ ਲਈ ਮੰਗ ਪੱਤਰ ਦਿੱਤਾ ਗਿਆ ਅਤੇ ਨਾਲ ਈ ਅਲਟੀਮੇਟਮ ਦਿੱਤਾ ਗਿਆ ਜੇਕਰ 4ਜੁਲਾਈ ਤੱਕ ਕਿਸਾਨਾਂ ਦੀਆਂ ਮੋਟਰਾਂ ਨੂੰ ਬਿਜਲੀ ਦੀ ਸਪਲਾਈ ਨਿਰੰਤਰ ਨਾ ਕੀਤੀ ਗਈ ਤਾ ਭਾਰਤੀ ਕਿਸਾਨ ਯੂਨੀਅਨ ਕਾਦੀਆਂ (ਮੁਕੇਰੀਆਂ ) ਦੀ ਜੱਥੇਬੰਦੀ ਵਲੋਂ ਕਿਸਾਨ ਵੀਰਾਂ ਦੇ ਸਹਿਯੋਗ ਨਾਲ ਸੜਕਾਂ ਜਾਮ ਕੀਤੀਆਂ ਜਾਣਗੀਆਂ ਇਸ ਮੌਕੇ ਉਹਨਾਂ ਨਾਲ ਸਤਨਾਮ ਸਿੰਘ ਚੀਮਾ, ਇੰਦਰਜੀਤ ਸਿੰਘਖਾਲਸਾ,ਗੁਰਸੱਜਣਦੀਪ ਸਿੰਘ ਗੋਰਾਇਆ, ਸਰਪੰਚ ਦਿਲਬਾਗ਼ ਸਿੰਘ, ਕੁਲਦੀਪ ਸਿੰਘ ਰੰਧਾਵਾ, ਗੁਰਵਿੰਦਰ ਸਿੰਘ ਧਾਮੀ, ਪਰਮਜੀਤ ਸਿੰਘ ਲਾਡੀ, ਸੁਖਪਾਲ ਸਿੰਘ ਭੁੱਟਾ, ਗੁਰਜੀਵਨ ਸਿੰਘ, ਭਾਗ ਸਿੰਘ, ਗੁਰਵਿੰਦਰ ਸਿੰਘ ਭਿੰਡਰ ਮੌਜੂਦ ਸਨ।



# ਟਕਸਾਲੀ ਆਗੂਆਂ ਨੇ ਕੈਪਟਨ ਕੋਲ ਪ੍ਰਗਟਾਏ ਰੋਸੇ



**ਚੰਡੀਗੜ੍ਹ।** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅੱਜ ਪੰਜਾਬ ਦੇ ਸ਼ਹਿਰੀ ਖੇਤਰ ਦੇ ਟਕਸਾਲੀ ਕਾਂਗਰਸੀ ਨੇਤਾਵਾਂ ਨੇ ਖਰੀਆਂ ਖਰੀਆਂ ਸੁਣਾਈਆਂ ਹਨ। ਮੁੱਖ ਮੰਤਰੀ ਕੋਲ ਦੁਪਹਿਰ ਦੇ ਖਾਣੇ ’ਤੇ ਪੁੱਜੇ ਇਨ੍ਹਾਂ ਆਗੂਆਂ ਨੇ ਆਪੋ ਆਪਣੇ ਢਿੱਡ ਫਰੋਲੇ। ਸ਼ਹਿਰੀ ਨੇਤਾਵਾਂ ਨੇ ਜਿੱਥੇ ਆਪੋ ਆਪਣੇ ਹਲਕੇ ਦੇ ਵਿਧਾਇਕਾਂ ਅਤੇ ਵਜ਼ੀਰਾਂ ’ਤੇ ਤਵੇ ਲਾਏ, ਉਥੇ ਇਹ ਸ਼ਿਕਵਾ ਵੀ ਕੀਤਾ ਕਿ ਸੂਬਾ ਸਰਕਾਰ ਨੇ ਟਕਸਾਲੀ ਆਗੂਆਂ ਨੂੰ ਸਵਾ ਚਾਰ ਸਾਲਾਂ ਤੋਂ ਖੂੰਜੇ ਲਾਈ ਰੱਖਿਆ। ਇਨ੍ਹਾਂ ਆਗੂਆਂ ਨੇ ਅਫ਼ਸਰਸ਼ਾਹੀ ਖ਼ਿਲਾਫ਼ ਵੀ ਭੜਾਸ ਕੱਢੀ।

ਮੁੱਖ ਮੰਤਰੀ ਨੂੰ ਅੱਜ ਇਸ ਪਲੇਠੀ ਮੀਟਿੰਗ ’ਚ ਚਾਨਣ ਹੋਇਆ ਕਿ ਸ਼ਹਿਰਾਂ ਦੇ ਆਗੂ ਕਿੰਨੇ ਭਰੇ ਪੀਤੇ ਬੈਠੇ ਸਨ। ਪੰਜਾਬ ਭਰ ’ਚੋਂ ਦਰਜਨਾਂ ਸ਼ਹਿਰੀ ਆਗੂ, ਜਿਨ੍ਹਾਂ ਵਿਚ ਸਾਬਕਾ ਵਿਧਾਇਕ ਤੇ ਸਾਬਕਾ ਮੰਤਰੀ ਵੀ ਸ਼ਾਮਲ ਸਨ, ਇਸ ਮੀਟਿੰਗ ਵਿਚ ਪੁੱਜੇ ਹੋਏ ਸਨ। ਮੀਟਿੰਗ ਵਿਚ ਵਿੱਤ ਮੰਤਰੀ ਮਨਪ੍ਰੀਤ ਬਾਦਲ, ਮੰਤਰੀ ਬ੍ਰਹਮ ਮਹਿੰਦਰਾ, ਵਜ਼ੀਰ ਭਾਰਤ ਭੂਸ਼ਨ ਆਸ਼ੂ, ਸੁੰਦਰ ਸ਼ਾਮ ਅਰੋੜਾ, ਵਿਜੈਇੰਦਰ ਸਿੰਗਲਾ, ਮੰਤਰੀ ਓ.ਪੀ.ਸੋਨੀ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਸ਼ਾਮਲ ਸਨ।

ਦੁਪਹਿਰ ਦੀ ਦਾਅਵਤ ਦੌਰਾਨ ਏਜੰਡਾ ਇਹ ਰਿਹਾ ਕਿ ਆਉਂਦੇ ਚਾਰ ਮਹੀਨਿਆਂ ਵਿਚ ਸ਼ਹਿਰਾਂ ਦੇ ਵਿਕਾਸ ਲਈ ਕੀ ਕੀ ਕੀਤਾ ਜਾ ਸਕਦਾ ਹੈ। ਲੋਕਾਂ ਦੀਆਂ ਮੁਸ਼ਕਲਾਂ ਕਿਵੇਂ ਦੂਰ ਕਰਨੀਆਂ ਹਨ ਤਾਂ ਜੋ ਕਾਂਗਰਸੀ ਉਮੀਦਵਾਰਾਂ ਨੂੰ ਹਲਕਿਆਂ ਵਿਚ ਜਾਣ ਸਮੇਂ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਮੀਟਿੰਗ ਸ਼ੁਰੂ ਹੁੰਦੇ ਹੀ ਟਕਸਾਲੀ ਨੇਤਾਵਾਂ ਨੇ ਹੱਥ ਜੋੜ ਮੁੱਖ ਮੰਤਰੀ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਸਵਾ ਚਾਰ ਸਾਲਾਂ ਮਗਰੋਂ ਮੁਲਾਕਾਤ ਦਾ ਮੌਕਾ ਦਿੱਤਾ। ਸਾਬਕਾ ਵਿਧਾਇਕ ਅਸ਼ਵਨੀ ਸੇਖੜੀ ਨੇ ਖੁੱਲ੍ਹ ਕੇ ਕਿਹਾ ਕਿ ਹਲਕੇ ਅੰਦਰ ਉਨ੍ਹਾਂ ਦੀ ਕੋਈ ਸੁਣਵਾਈ ਤਾਂ ਕੀ ਹੋਣੀ ਸੀ ਬਲਕਿ ਉਨ੍ਹਾਂ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਸਾਫ ਆਖਿਆ ਕਿ ਇੱਥੇ ਬੰਦਿਆਂ ਦੀ ਪਰਖ ਨਹੀਂ। ਐੱਸਐੱਸਐੱਸ ਬੋਰਡ ਦੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਵਿਧਾਇਕਾਂ ਤੇ ਵਜ਼ੀਰਾਂ ਤੋਂ ਬਿਨਾਂ ਕਿਸੇ ਦੀ ਕੋਈ ਕਦਰ ਨਹੀਂ ਹੈ। ਮੋਗਾ ਤੋਂ ਕਾਂਗਰਸੀ ਆਗੂ ਮਾਲਤੀ ਥਾਪਰ ਨੇ ਕਿਹਾ ਕਿ ਸਰਕਾਰ ਅੰਦਰ ਟਕਸਾਲੀ ਆਗੂ ਨਜ਼ਰਅੰਦਾਜ਼ ਹੋਏ ਹਨ ਜਦੋਂ ਕਿ ਪਲੈਨਿੰਗ ਬੋਰਡ ਫਰੀਦਕੋਟ ਦੇ ਚੇਅਰਮੈਨ ਪਵਨ ਗੋਇਲ ਨੇ ਜੈਤੋ ਵਿਚਲੀ ਜਵਾਹਰਲਾਲ ਨਹਿਰੂ ਦੀ ਯਾਦਗਾਰ ਦਾ ਮਸਲਾ ਚੁੱਕਿਆ ਅਤੇ ਹਲਕੇ ਦੀਆਂ ਮੰਗਾਂ ਤੋਂ ਮੁੱਖ ਮੰਤਰੀ ਨੂੰ ਜਾਣੂ ਕਰਵ-ਾਇਆ। ਬਠਿੰਡਾ ਤੋਂ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਕੇ.ਕੇ .ਅਗਰਵਾਲ ਨੇ ਮੁੱਖ ਮੰਤਰੀ ਨੂੰ ਹਲਕੇ ’ਚ ਚੱਲ ਰਹੇ ਵਿਕਾਸ ਕੰਮਾਂ ਤੋਂ ਜਾਣੂ ਕਰਾਇਆ। ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਵਿਜੈ ਕਾਲੜਾ ਨੇ ਸਾਫ ਲਫਜ਼ਾਂ ਵਿਚ ਅਫ਼ਸਰਸ਼ਾਹੀ ਨੂੰ ਨਿਸ਼ਾਨੇ ’ਤੇ ਲਿਆ। ਉਨ੍ਹਾਂ ਕਿਹਾ ਕਿ ਪਾਰਟੀ ਆਗੂਆਂ ਅਤੇ ਵਰਕਰਾਂ ਦੀ ਸਰਕਾਰੀ ਦਫ਼ਤਰਾਂ ਵਿਚ ਕੋਈ ਪੁੱਛ ਨਹੀਂ ਹੈ। ਮੁੱਖ ਮੰਤਰੀ ਨੇ ਠਰ੍ਹੰਮੇ ਨਾਲ ਸਭ ਨੂੰ ਸੁਣਿਆ ਤੇ ਅਖੀਰ ਵਿਚ ਭਰੋਸਾ ਦਿੱਤਾ ਕਿ ਸਭ ਸ਼ਿਕਾਇਤਾਂ ਦੂਰ ਹੋਣਗੀਆਂ।

# ਖ਼ਵਾਜਾ ਪੀਰ ਨੂੰ ਖੁਸ਼ ਕਰਨ ਲਈ ਲਗਾਇਆ ਦਲੀਏ ਦਾ ਲੰਗਰ ਮੀਂਹ ਲਈ ਕੀਤੀ ਗਈ ਅਰਦਾਸ

**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਭਾਰੀ ਗਰਮੀ ਕਾਰਨ ਜਿਥੇ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅੰਤਾਂ ਦੀ ਗਰਮੀ ਕਾਰਨ ਪੂਰਾ ਜਨ-ਜੀਵਨ ਪ੍ਰਭਾਵਿਤ ਹੋ ਰਿਹਾ ਹੈ ਲੋਕ ਗਰਮੀ ਨਾਲ ਤਰਾਸ ਤਰਾਸ ਕਰ ਰਹੇ ਹਨ ਉਤੋਂ ਲਗਾਤਾਰ ਬਿਜਲੀ ਦੇ ਕੱਟ ਲੱਗਣ ਨਾਲ ਲੋਕਾਂ ਦਾ ਜੀਵਨ ਦੁਭਰ ਕੀਤਾ ਹੋਇਆ ਹੈ ਇਸੇ ਦੇ ਚਲਦਿਆਂ ਅੱਜ ਪਿੰਡ ਮਾਵਾ ਬਾਠਾਂ ਵਿੱਚ ਪਿੰਡ ਦੇ ਸਰਪੰਚ ਦੀ ਅਗਵਾਈ ਹੇਠ ਪਿੰਡ ਦੇ ਨੌਜਵਾਨਾਂ ਵੱਲੋਂ ਦਲੀਏ ਦਾ ਲੰਗਰ ਲਗਾਕੇ ਖੁਵਾਜਾ ਪੀਰ ਨੂੰ ਖੁਸ਼ ਕਰਨ ਦੀ ਕੋਸਸ਼ਿ ਕੀਤੀ ਗਈ ਲੋਕਾਂ ਦਾ ਮੰਨਣਾ ਹੈ ਕਿ ਜੇਕਰ ਖੁਵਾਜਾ ਪੀਰ ਜੀ ਖੁਸ਼ ਹੁੰਦੇ ਹਨ ਅਤੇ ਫੇਰ ਮੀਂਹ ਪੈਂਦਾ ਹੈ ਨੌਜਵਾਨਾਂ ਵੱਲੋਂ ਦਲੀਏ ਦਾ ਲੰਗਰ ਲਗਾਕੇ ਖੁਵਾਜਾ ਪੀਰ ਜੀ ਅਰਦਾਸ ਕੀਤੀ ਗਈ ਅਤੇ ਨਾਲ ਹੀ ਗੁਰੂ ਘਰ ਵਿੱਚ ਇਕੱਠੇ ਹੋ ਕੇ ਮੀਂਹ ਲਈ ਅਰਦਾਸ ਕੀਤੀ ਗਈ

ਇਸ ਮੌਕੇ ਪਿੰਡ ਮਾਵਾ ਬਾਠਾਂ ਦੇ ਸਰਪੰਚ ਸਰਦਾਰ ਬਲਵਿੰਦਰ ਸਿੰਘ ਵਿਰਕ , ਰਣਜੀਤ ਸਿੰਘ ਪੁਰੇਵਾਲ, ਜਤਿੰਦਰ ਸਿੰਘ, ਅਸ਼ੋਕ ਕੁਮਾਰ , ਪ੍ਰੇਮ ਸਿੰਘ ਰਾਮਗੜ੍ਹੀਆ, ਅਵਤਾਰ ਸਿੰਘ, ਮਨਮੋਹਨ ਸਿੰਘ ਪੁਰੇਵਾਲ, ਪੱਤਰਕਾਰ ਜਸਵੀਰ ਸਿੰਘ ਅਤੇ ਪਿੰਡ ਦੇ ਨੌਜਵਾਨ ਕਾਫੀ ਗਿਣਤੀ ਵਿੱਚ ਹਾਜ਼ਰ ਸਨ।



# ਪਿੰਡ ਬਿੱਗੋਵਾਲ ਕਸਰਾਵਾਂ ਦੇ ਵਾਲੀਬਾਲ ਟੂਰਨਾਮੈਂਟ ਦੌਰਾਨ ਸਰਦਾਰ ਜਸਵੰਤ ਸਿੰਘ ਰੰਧਾਵਾ ਨੇ ਵੰਡੇ ਜੇਤੂ ਖਿਡਾਰੀਆਂ ਇਨਾਮ

**ਮੁਕੇਰੀਆਂ (ਜਸਵੀਰ ਸਿੰਘ ਪੁਰੇਵਾਲ)** ਮੁਕੇਰੀਆਂ ਤਹਿਸੀਲ ਅੰਦਰ ਪੈਂਦੇ ਪਿੰਡ ਬਿੱਗੋਵਾਲ ਕਸਰਾਵਾਂ ਦੇ ਵਾਲੀਬਾਲ ਟੂਰਨਾਮੈਂਟ ਦੌਰਾਨ ਕਿਸਾਨ ਜਥੇਬੰਦੀ ਬੀਕੇਯੂ ਕਾਦੀਆਂ ਗੁਰਦਾਸ ਪੁਰ ਕਾਦੀਆਂ ਦੇ ਮੁਕੇਰੀਆਂ ਦੇ ਪ੍ਰਧਾਨ ਅਤੇ ਬਲਾਕ ਸੰਮਤੀ ਮੈਂਬਰ ਸਰਦਾਰ ਜਸਵੰਤ ਸਿੰਘ ਰੰਧਾਵਾ ਜੀ ਵੱਲੋਂ ਸ਼ਿਰਕਤ ਕੀਤੀ ਗਈ ਅਤੇ ਜੇਤੂ ਖਿਡਾਰੀਆਂ ਨੂੰ ਇਨਾਮ ਤਕਸੀਮ ਕੀਤੇ ਗਏ ਉਨ੍ਹਾਂ ਕਿਹਾ ਕਿ ਸਮੇਂ ਸਮੇਂ ਤੇ ਹਰ ਪਿੰਡਾਂ ਵਿੱਚ ਟੂਰਨਾਮੈਂਟ ਕਰਵਾਉਣਾ ਚਾਹੀਦੇ ਹਨ ਤਾਂ ਜੋ ਨੌਜਵਾਨ ਨੂੰ ਨਸ਼ਿਆਂ ਤੋਂ ਦੂਰ ਰੱਖਿਆ ਜਾ ਸਕੇ ਇਸ ਮੌਕੇ ਸਰਦਾਰ ਜਸਵੰਤ ਸਿੰਘ ਰੰਧਾਵਾ, ਕੱਲ 27/06/2021 ਨੂੰ ਪਿੰਡ ਬਿੱਗੋਵਾਲ ਕਸਰਾਵਾਂ ਵਿਖੇ ਵਾਲੀਬਾਲ ਕੱਪ ਵਿਖੇ ਸਰਦਾਰ ਜਸਵੰਤ ਸਿੰਘ ਜੀ ਰੰਧਾਵਾ ਅਤੇ ਉਹਨਾਂ ਦੇ ਨਾਲ ਸਰਦਾਰ ਸੁਖਵੰਤ ਸਿੰਘ ਰੰਧਾਵਾ, ਸਰਪੰਚ ਦਿਲਬਾਗ ਸਿੰਘ, ਗੁਰਸੱਜਣਦੀਪ ਸਿੰਘ ਗੋਰਾਇਆ, ਆਏ ਹੋਏ ਮਹਿਮਾਨਾ ਦਾ ਮਾਸਟਰ ਗੁਰਨਾਮ ਸਿੰਘ ਚੀਮਾ ਜੀ ਵਲੋਂ ਧੰਨਵਾਦ ਕੀਤਾ ਗਿਆ।



# ਵਿਸ਼ਵ ਪ੍ਰਸਿੱਧ ਵਿਰਾਸਤ-ਏ-ਖਾਲਸਾ ਨੇ ਊਰਜਾ ਬਚਾਉਣ ਵਿਚ ਹਾਸਿਲ ਕੀਤਾ ਪਹਿਲਾ ਸਥਾਨ

## ਵਿਰਾਸਤ-ਏ-ਖਾਲਸਾ ਨੇ ਲਗਾਤਾਰ ਤੀਸਰੇ ਸਾਲ ਊਰਜਾ ਬਚਾਉਣ ਵਿਚ ਸੂਬਾ ਪੱਧਰੀ ਪੁਰਸਕਾਰ ਨੂੰ ਅਪਾਣੇ ਨਾਮ ਕੀਤਾ

**ਚੰਡੀਗੜ।** ਪੰਜਾਬ ਸਰਕਾਰ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਵਿਭਾਗ ਅਧੀਨ ਆਉਂਦੇ ਵਿਸ਼ਵ ਪ੍ਰਸਿੱਧ ਵਿਰਾਸਤ-ਏ-ਖਾਲਸਾ ਨੇ ਇੱਕ ਹੋਰ ਕੀਰਤੀਮਾਨ ਸਥਾਪਿਤ ਕਰਕੇ ਇਸ ਸਾਲ ਵੀ ਸੂਬਾ ਪੱਧਰੀ ਊਰਜਾ ਬਚਾਓ ਅਵਾਰਡ ’ਚ ਪਹਿਲਾ ਸਥਾਨ ਹਾਸਿਲ ਕੀਤਾ ਹੈ। ਜ਼ਿਕਰਯੋਗ ਹੈ ਕਿ ਵਿਰਾਸਤ-ਏ-ਖਾਲਸਾ ਨੇ ਲਗਾਤਾਰ ਤੀਸਰੀ ਵਾਰ ਰਾਜ ਪੱਧਰੀ ਊਰਜਾ ਬਚਾਓ ਅਵਾਰਡ ਹਾਸਲ ਕੀਤਾ ਹੈ।

ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਕੈਬਨਿਟ ਮੰਤਰੀ ਸਰਦਾਰ ਚਰਨਜੀਤ ਸਿੰਘ ਚੰਨੀ ਨੇ ਦੱਸਿਆ ਕਿ ਦੁਨੀਆਂ ਭਰ ਦੇ ਵਿੱਚ ਵਿਲੱਖਣ ਪਹਿਚਾਣ ਬਣਾ ਚੁੱਕੇ ਵਿਰਾਸਤ-ਏ-ਖਾਲਸਾ ਵੱਲੋਂ ਲਗਾਤਾਰ ਕੀਰਤੀਮਾਨ ਸਥਾਪਿਤ ਕਰਨ ਦਾ ਸਿਲਸਿਲਾ ਜਾਰੀ ਹੈ। ਉਨਾਂ ਦੱਸਿਆ ਕਿ ਜਿੱਥੇ ਇਸ ਮਹਾਨ ਅਜਾਇਬ ਘਰ ਦਾ ਨਾਮ ਲਿਮਕਾ ਬੁੱਕ ਆਫ ਰਿਕਾਰਡਜ਼, ਇੰਡੀਆ ਬੁੱਕ ਆਫ ਰਿਕਾਰਡਜ਼ ਅਤੇ ਵਰਲਡ ਬੁੱਕ ਆਫ ਰਿਕ-ਾਰਡਜ਼ ਵਿੱਚ ਆਪਣਾ ਨਾਮ ਦਰਜ ਕਰਵਾਇਆ ਹੈ, ਉੱਥੇ ਉਰਜ਼ਾ ਬਚਉਣ ਵਿਚ ਵੀ ਵਿਲੱਖਣ ਪਛਾਣ ਬਣਾਈ ਹੈ।

ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਮੰਤਰੀ ਨੇ ਦੱਸਿਆ ਕਿ ਵਿਰਾ-ਸਤ-ਏ-ਖਾਲਸਾ ਵਿਖੇ ਹੋਣ ਵਾਲੀ ਬਿਜਲੀ ਦੀ ਖਪਤ ਨੂੰ ਘਟਾਉਣ ਦੇ ਲਈ ਲਗਾਤਾਰ ਵਿਸੇਸ਼ ਉਪਰਾਲੇ ਕੀਤੇ ਜਾਂਦੇ ਰਹੇ ਹਨ। ਇਸੇ ਦੇ ਤਹਿਤ ਇਸ ਵਾਰ ਵੀ ਲਗਾਤਾਰ ਤੀਸਰੀ ਵਾਰ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਵੱਲੋਂ ਕਰਵਾਏ ਗਏ ਪੰਜਾਬ ਪੱਧਰੀ ਐਨਰਜੀ ਕੰਜ਼ਰਵੇਸ਼ਨ ਅਵਾਰਡਾਂ ‘ਚ ਪਹਿਲਾ ਸਥਾਨ ਹਾਸਲ ਕਰਕੇ ਹੈਟਰਿਕ ਮਾਰ ਕੇ ਇਤਿਹਾਸ ਸਿਰਜਿਆ ਹੈ। ਉਨਾਂ ਸਮੁੱਚੇ ਸਟਾਫ ਨੂੰ ਮੁਬਾਰਕਬਾਦ ਦਿੰਦੇ ਹੋਏ ਅਜਿਹੇ ਯਤਨ ਭਵਿੱਖ ਵਿੱਚ ਵੀ ਜਾਰੀ ਰੱਖਣ ਲਈ ਕਿਹਾ।



# ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ‘ਵਾਕਥਨ’ 3 ਜੁਲਾਈ ਨੂੰ ਹੋਵੇਗੀ

## ਸਮੂਹ ਸਬ ਡਿਵੀਜ਼ਨਾਂ ਵਿਚ ਹੋਵੇਗੀ 3 ਕਿਲੋਮੀਟਰ ਵਾਕਥਨ

**ਕਪੂਰਥਲਾ।** ਕਪੂਰਥਲਾ ਜਿਲ੍ਹੇ ਵਿਚ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ‘ਵਾਕਥਨ’ 3 ਜੁਲਾਈ ਨੂੰ ਕਰਵਾਈ ਜਾ ਰਹੀ ਹੈ, ਜਿਸ ਲਈ ਜਿਲ੍ਹਾ ਪ੍ਰਸ਼ਾਸ਼ਨ ਵਲੋਂ ਚਾਰਾਂ ਸਬ ਡਿਵੀਜ਼ਨਾਂ ਅੰਦਰ ਇਸ ਸਬੰਧੀ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਡਿਪਟੀ ਕਮਿਸ਼ਨਰ ਸ਼੍ਰੀਮਤੀ ਦੀਪਤੀ ਉੱਪਲ ਨੇ ਦੱਸਿਆ ਕਿ ‘ ਇਸ ਵਾਕਥਨ ਦਾ ਨਾਅਰਾ ‘ਬਰਨ ਕੈਲੋਰੀਜ਼ ਨਾਟ ਯੂਅਰ ਬੌਡੀ, ਸੇ ਨੋ ਟੂ ਡਰੱਗਜ਼ ’ ਹੈ ਅਤੇ ਇਹ ਵਾਕਥਨ ਸੁਲਤਾਨਪੁਰ ਲੋਧੀ, ਕਪੂਰਥਲਾ, ਫਗਵਾੜਾ ਤੇ ਭੁਲੱਥ ਸਬ ਡਿਵੀਜ਼ਨਾਂ ਵਿਖੇ ਕਰਵਾਈ ਜਾਵੇਗੀ। ਵਾਕਥਨ ਦੀ ਕੁੱਲ ਦੂਰੀ 3 ਕਿਲੋਮੀਟਰ ਹੋਵੇਗੀ । ਉਨ੍ਹਾਂ ਦੱਸਿਆ ਕਿ ਵਾਕਥਨ ਵਿਚ ਨਸ਼ਾ ਛੱਡ ਚੁੱਕੇ ਵਿਅਕਤੀਆਂ ਵਲੋਂ ਵੀ ਭਾਗ ਲਿਆ ਜਾਵੇਗਾ । ਇਸ ਤੋਂ ਇਲਾਵਾ ਡਰੱਗ ਡੀ ਅਡਿਕਸ਼ਨ ਦੇ ਨਸ਼ਾ ਛੁਡਾਊ ਮਾਹਿਰਾਂ ਵਲੋਂ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਭਾਸ਼ਣ ਵੀ ਦਿੱਤਾ ਜਾਵੇਗਾ। ਕਪੂਰਥਲਾ ਸਬ ਡਿਵੀਜ਼ਨ ਵਿਚ ਵਾਕਥਨ ਸਬੰਧੀ ਅੱਜ ਐਸ.ਡੀ.ਐਮ. ਕਪੂਰਥਲਾ ਸ਼੍ਰੀ ਵਰਿੰਦਰਪਾਲ ਸਿੰਘ ਬਾਜਵਾ ਵਲੋਂ ਹੋਰਨਾਂ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਕਪੂਰਥਲਾ ਵਿਖੇ ਵਾਕਥਨ ਸਵੇਰੇ 6 ਵਜੇ ਸੈਨਿਕ ਸਕੂਲ ਕਪੂਰਥਲਾ ਤੋਂ ਸ਼ੁਰੂ ਹੋ ਕੇ ਸਰਕਾਰੀ ਕਾਲਜ ,ਕਪੂਰਥਲਾ, ਸਿਵਲ ਹਸਪਤਾਲ, ਭਗਤ ਸਿੰਘ ਚੌਂਕ ਕਪੂਰਥਲਾ ਰਾਹੀਂ ਹੋ ਕੇ ਵਾਪਸ ਸੈਨਿਕ ਸਕੂਲ ਕਪੂਰਥਲਾ ਵਿਖੇ ਸਮਾਪਤ ਹੋਵੇਗੀ। ਉਨਾਂ ਕਿਹਾ ਕਿ ਭਾਗ ਲੈਣ ਵਾਲੇ ਵਿਅਕਤੀਆਂ ਨੂੰ ਟੀ-ਸ਼ਰਟ, ਕੀ-ਚੇਨ, ਰਿਸਟ ਬੈਂਡ ਅਤੇ ਭਾਗ ਲੈਣ ਸਬੰਧੀ ਸਰਟੀਫਿਕੇਟ ਵੀ ਦਿੱਤੇ ਜਾਣਗੇ। ਮੀਟਿੰਗ ਦੌਰਾਨ ਡੀ.ਐਸ.ਪੀ. ਸੁਰਿੰਦਰ ਸਿੰਘ, ਡਾ. ਸੰਦੀਪ ਭੋਲਾ ਨੋਡਲ ਅਫਸਰ ਡੀ-ਅਡਿਕਸ਼ਨ , ਜਿਲ੍ਹਾ ਪ੍ਰੋਗਰਾਮ ਅਫਸਰ ਸਨੇਹ ਲਤਾ, ਨੀਲਮ ਮਹੇ ਤੇ ਹੋਰ ਗੈਰ ਸਰਕਾਰੀ ਸੰਗਠਨਾਂ ਦੇ ਨੁਮਾਇੰਦੇ ਹਾਜ਼ਰ ਸਨ।



# ਗਰਮੀ ਦੇ ਕਹਿਰ ਨਾਲ ਪੰਜਾਬ ’ਚ ਬਿਜਲੀ ਸੰਕਟ ਵੀ ਵਧਿਆ

## ਮੌਸਮ ਵਿਭਾਗ ਵੱਲੋਂ ਪੰਜਾਬ, ਹਰਿਆਣਾ, ਦਿੱਲੀ ਤੇ ਰਾਜਸਥਾਨ ’ਚ ਗਰਮੀ ਵਧਣ ਤੇ ਲ ਚੱਲਣ ਦੀ ਪੇਸ਼ੀਨਗੋਈ



**ਨਵੀਂ ਦਿੱਲੀ।** ਉੱਤਰੀ ਭਾਰਤ ਨੂੰ ਅਜੇ ਦੋ ਦਿਨ ਹੋਰ ਸਖਤ ਗਰਮੀ ਤੇ ਲੂ ਦੀ ਤਪਸ਼ ਤੋਂ ਰਾਹਤ ਮਿਲਣ ਦੀ ਕੋਈ ਉਮੀਦ ਨਹੀਂ ਹੈ। ਭਾਰਤੀ ਮੌਸਮ ਵਿਭਾਗ ਨੇ ਅੱਜ ਕਿਹਾ ਕਿ ਪੰਜਾਬ, ਹਰਿਆਣਾ, ਦਿੱਲੀ, ਉੱਤਰੀ ਰਾਜਸਥਾਨ ਤੇ ਉੱਤਰ ਪ੍ਰਦੇਸ਼ ਵਿੱਚ ਅਗਲੇ ਦੋ ਦਿਨ ਤਿੱਖੀ ਗਰਮੀ ਵਾਲੇ ਹਾਲਾਤ ਬਣੇ ਰਹਿਣਗੇ। ਮੌਸਮ ਮਾਹਿਰਾਂ ਨੇ ਕਿਹਾ ਕਿ ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ, ਪੱਛਮੀ ਉੱਤਰ ਪ੍ਰਦੇਸ਼, ਉੱਤਰ ਪੱਛਮੀ ਰਾਜਸਥਾਨ ਤੇ ਉੱਤਰ ਪੱਛਮੀ ਮੱਧ ਪ੍ਰਦੇਸ਼ ਵਿੱਚ ਬਹੁਤੀਆਂ ਥਾਵਾਂ ’ਤੇ ਲੂ ਵਗਣ ਤੇ ਤਿੱਖੀ ਗਰਮੀ ਪੈਣ ਦੀਆਂ ਰਿਪੋਰਟਾਂ ਹਨ। ਮੌਸਮ ਵਿਭਾਗ ਨੇ ਕਿਹਾ, ‘‘ਪਾਕਿਸਤਾਨ ਤੋਂ ਉੱਤਰ ਪੱਛਮੀ ਭਾਰਤ ਵਿੱਚ ਵਗ ਰਹੀਆਂ ਖੁਸ਼ਕ ਪੱਛਮੀ/ਦੱਖਣ ਪੱਛਮੀ ਹਵਾਵਾਂ ਕਰਕੇ ਅਗਲੇ ਦੋ ਦਿਨ ਪੰਜਾਬ, ਹਰਿਆਣਾ, ਚੰਡੀਗੜ੍ਹ ਤੇ ਦਿੱਲੀ, ਉੱਤਰੀ ਰਾਜਸਥਾਨ, ਯੂਪੀ ਤੇ ਉੱਤਰ ਪੱਛਮੀ ਮੱਧ ਪ੍ਰਦੇਸ਼ ਵਿਚ ਤਿੱਖੀ ਗਰਮੀ ਪੈਣ ਦੀ ਸੰਭਾਵਨਾ ਹੈ।’’ ਵਿਭਾਗ ਮੁਤਾਬਕ ਪਿਛਲੇ ਦੋ ਦਿਨਾਂ ’ਚ ਮੈਦਾਨੀ ਇਲਾਕਿਆਂ ’ਚ ਤਾਪਮਾਨ 40 ਡਿਗਰੀ ਸੈਲਸੀਅਸ ਨੂੰ ਟੱਪ ਗਿਆ ਹੈ। ਦੱਖਣ ਪੱਛਮੀ ਮੌਨਸੂਨ ਭਾਵੇਂ ਪੂਰੇ ਦੇਸ਼ ਨੂੰ ਆਪਣੇ ਕਲਾਵੇ ’ਚ ਲੈ ਚੁੱਕੀ ਹੈ, ਪਰ ਹਰਿਆਣਾ, ਦਿੱਲੀ, ਪੰਜਾਬ ਦੇ ਕੁਝ ਹਿੱਸੇ, ਪੱਛਮੀ ਰਾਜਸਥਾਨ ਤੇ ਪੱਛਮੀ ਉੱਤਰ ਪ੍ਰਦੇਸ਼ ਅਜੇ ਵੀ ਮੌਨਸੂਨ ਦੀਆਂ ਫੁਹਾਰਾਂ ਤੋਂ ਵਿਹੂਣੇ ਹਨ। ਚੇਤੇ ਰਹੇ ਕਿ ਭਾਰਤੀ ਮੌਸਮ ਵਿਭਾਗ ਨੇ ਲੰਘੇ ਦਿਨ ਦਾਅਵਾ ਕੀਤਾ ਸੀ ਕਿ ਮੌਜੂਦਾ ਮੌਸਮੀ ਹਾਲਾਤ ਦੇ ਮੱਦੇਨਜ਼ਰ ਮੌਨਸੂਨ ਦੀ ਆਮਦ ਦੇ ਇਸ ਖਿੱਤੇ ਵਿੱਚ ਅਜੇ ਹੋਰ ਅੱਗੇ ਪੈਣ ਦੀ ਸੰਭਾਵਨਾ ਹੈ। ਇਸੇ ਦੌਰਾਨ ਭਾਰਤੀ ਮੌਸਮ ਵਿਭਾਗ ਨੇ ਜੁਲਾਈ ਮਹੀਨੇ ਦੱਖਣੀ ਪੱਛਮੀ ਮੌਨਸੂਨ ਦੇ ਆਮ ਵਾਂਗ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ। ਜੁਲਾਈ ਦੇ ਪਹਿਲੇ ਹਫ਼ਤੇ ਚੰਗਾ ਮੀਂਹ ਨਾ ਪੈਣ ਦੇ ਆਸਾਰ ਹਨ, ਪਰ ਜੁਲਾਈ ਦੇ ਦੂਜੇ ਹਫ਼ਤੇ ਦੇ ਦੂਜੇ ਅੱਧ ਵਿੱਚ ਮੀਂਹਾਂ ਦੇ ਰਫ਼ਤਾਰ ਫੜ ਲੈਣ ਦੀ ਉਮੀਦ ਹੈ।

# ਸਫਾਈ ਕਰਮਚਾਰੀਆਂ ਵੱਲੋਂ ਕੈਂਟ ਬੋਰਡ ਦਫਤਰ ਸਾਹਮਣੇ ਰੋਸ ਧਰਨਾ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ )**- ਕੈਂਟ ਬੋਰਡ 'ਚ ਸਫਾਈ ਦਾ ਕੰਮ ਕਰਨ ਵਾਲੇ ਕਰਮਚਾਰੀਆਂ ਵੱਲੋਂ ਫਿਰੋਜ਼ਪੁਰ-ਸਾਦਿਕ ਰੋਡ 'ਤੇ ਸਥਿੱਤ ਕੈਂਟ ਬੋਰਡ ਦੇ ਸਾਹਮਣੇ ਰੋਡ ਜਾਮ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦੇ ਸਫਾਈ ਕਰਮਚਾਰੀਆਂ ਨੇਂ ਕਹਾਂ ਕ ਉਹ ਪਿਛਲੇ 4-5 ਸਾਲਾਂ ਤੋਂ ਕੰਮ ਕਰ ਰਹੇ ਹਨ ਅਤੇ ਕਦੇ ਵੀ ਕਿਸੇ ਨੂੰ ਨੌਕਰੀ ਤੋਂ ਨਹੀਂ ਕੱਢਿਆ ਗਿਆ। ਜਿਸ ਕਾਰਨ ਸਮੂਹ ਸਫਾਈ ਕਰਮਚਾਰੀਆਂ ਵਿੱਚ ਰੋਸ ਦੀ ਲਹਿਰ ਪਾਈ ਜਾ ਰਹੀ ਹੈ। ਸਫਾਈ ਕਰਮਚਾਰੀਆਂ ਨੇ ਦੋਸ਼ ਲਗਾਇਆ ਕਿ ਕੈਂਟ ਬੋਰਡ ਦੇ ਅਧਿਕਾਰੀਆਂ ਵੱਲੋਂ ਮੋਟੇ ਪੈਸਿਆਂ ਦਾ ਲੈਣ ਦੇਣ ਕਰਕੇ ਕਰਮਚਾਰੀਆਂ ਨੂੰ ਭਰਤੀ ਕੀਤਾ ਜਾ ਰਿਹਾ ਹੈ, ਜਦਕਿ ਪੁਰਾਣੇ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਹਨਾ ਕਿਹਾ ਕਿ ਜੇਕਰ ਕੈਂਟ ਬੋਰਡ ਵੱਲੋਂ ਉਹਨਾਂ ਨੂੰ ਸਫਾਈ ਕਰਮਚਾਰੀਆਂ ਦੀ ਲਿਸਟ ਵਿਚ ਸ਼ਾਮਲ ਨਾ ਕੀਤਾ ਗਿਆ ਤਾਂ ਉਹ ਸੰਘਰਸ਼ ਨੂੰ ਤਿੱਖਾ ਕਰਨਗੇ, ਜਿਸਦੇ ਨਿੱਕਲਣ ਵਾਲੇ ਸਿੱਟੇ ਦੀ ਜ਼ਿੰਮੇਵਾਰ ਕੈਂਟ ਬੋਰਡ ਦੇ ਅਧਿਕਾਰੀ ਹੋਣਗੇ। ਇਸ ਮੌਕੇ ਕੈਂਟ ਬੋਰਡ ਦੇ ਅਧਿਕਾਰੀਆ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਹਰ ਸਾਲ ਸਫਾਈ ਸਬੰਧੀ ਠੇਕਾ ਹੁੰਦਾ ਹੈ। ਜੇਕਰ



ਸਫਾਈ ਕਰਮਚਾਰੀਆਂ ਨੂੰ ਕੋਈ ਪ੍ਰੇਸ਼ਾਨੀ ਆ ਰਹੀ ਹੈ ਤਾਂ ਉਸਦਾ ਜ਼ਿੰਮੇਵਾਰ ਠੇਕੇਦਾਰ ਹੈ।

# ਫੂਡ ਸਪਲਾਈ ਵਿਭਾਗ ਫਿਰੋਜ਼ਪੁਰ ਦੇ ਦਇਆ ਸਿੰਘ ਨੂੰ ਦਿੱਤੀ ਵਿਦਾਇਗੀ ਪਾਰਟੀ

**ਫਿਰੋਜ਼ਪੁਰ ( ਅਸ਼ੋਕ ਭਾਰਦਵਾਜ )** ਫੂਡ ਸਪਲਾਈ ਦਫ਼ਤਰ ਫ਼ਿਰੋਜ਼ਪੁਰ ਸ਼ਹਿਰ ਵਿਖੇ ਫੂਡ ਸਪਲਾਈ ਵਿਭਾਗ ਫਿਰੋਜ਼ਪੁਰ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਦੇ ਮੈਬਰ ਦਇਆ ਸਿੰਘ ਦੀ ਸੇਵਾ-ਮੁਕਤੀ ਦੇ ਮੌਕੇ ਤੇ ਸਮੂਹ ਸਟਾਫ਼ ਅਤੇ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਦਲਬਾਰਾ ਸਿੰਘ ਸਹਾਇਕ ਖੁਰਾਕ ਸਪਲਾਈ ਅਫਸਰ, ਫੂਡ ਸਪਲਾਈ ਕੇਂਦਰ ਫਿਰੋਜਪੁਰ ਸ਼ਹਿਰ ਦੇ ਇੰਸਪੈਕਟਰ ਹੰਸਰਾਜ, ਇੰਸਪੈਕਟਰ ਬਾਜਚੰਦ, ਰਾਮ ਪ੍ਰਸ਼ਾਦ ਜ਼ਿਲ੍ਹਾ ਪ੍ਰਧਾਨ ਦਿ ਕਲਾਸ ਫੋਰਥ ਯੂਨੀਅਨ ਫਿਰੋਜ਼ਪੁਰ, ਕੇਂਦਰ ਫਿਰੋਜ਼ਪੁਰ ਸ਼ਹਿਰ ਦੇ ਪ੍ਰਧਾਨ ਬਲਵੀਰ ਸਿੰਘ ਸਮੇਤ ਪੂਰੇ ਸਟਾਫ ਨੇ ਦਇਆ ਸਿੰਘ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਦਲਬਾਰਾ ਸਿੰਘ ਸਹਾਇਕ ਖੁਰਾਕ ਸਪਲਾਈ ਅਫਸਰ, ਫੂਡ ਸਪਲਾਈ ਕੇਂਦਰ ਫਿਰੋਜਪੁਰ ਸ਼ਹਿਰ ਦੇ ਇੰਸਪੈਕਟਰ ਹੰਸਰਾਜ, ਇੰਸਪੈਕਟਰ ਬਾਜਚੰਦ ਨੇ ਦੱਸਿਆ ਕਿ ਦਇਆ ਸਿੰਘ ਵੱਲੋਂ ਆਪਣੇ 38 ਸਾਲ 6 ਮਹੀਨੇ ਅਤੇ 6 ਦਿਨ ਦੇ ਕਾਰਜਕਾਲ ਦੌਰਾਨ ਦਫ਼ਤਰ ਫੂਡ ਸਪਲਾਈ ਵਿਭਾਗ ਵਿਚ ਚੰਗੀਆਂ ਸੇਵਾਵਾਂ ਨਿਭਾਉਣ ਤੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਸੇਵਾ ਮੁਕਤ ਹੋਏ ਦਇਆ ਸਿੰਘ ਨੂੰ ਆਪਣੀਆਂ ਸ਼ੁੱਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਸਾਡੇ ਸਾਥੀ ਦਇਆ ਸਿੰਘ ਹਮੇਸ਼ਾ ਹੀ ਸਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਵਿਭਾਗ ਵਿਚ ਲੰਬੇ ਸਮੇ ਤੋ ਆਪਣੇ ਕਾਰਜਕਾਲ ਦੌਰਾਨ ਹਮੇਸ਼ਾ ਹੀ



ਆਪਣੇ ਕੰਮ ਨੂੰ ਮਿਹਨਤ ਅਤੇ ਲਗਨ ਨਾਲ ਕਰਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਦਇਆ ਸਿੰਘ ਬਹੁਤ ਹੀ ਮਿਹਨਤੀ ਅਤੇ ਆਪਣੇ ਕੰਮ ਪ੍ਰਤੀ ਸਮਰਪਿਤ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਆਪਣੀ ਡਿਊਟੀ ਤੋਂ ਇਲਾਵਾ ਜੋ ਵੀ ਦਫ਼ਤਰੀ ਕੰਮ ਸੌਂਪਿਆ ਗਿਆ, ਉਨ੍ਹਾਂ ਬੜੀ ਮਿਹਨਤ ਅਤੇ ਲਗਨ ਨਾਲ ਸਮੇਂ ਸਿਰ ਉਸ ਕੰਮ ਨੂੰ ਮੁਕੰਮਲ ਕੀਤਾ। ਉਨ੍ਹਾਂ ਕਿਹਾ ਕਿ ਦਇਆ ਸਿੰਘ ਦੇ ਸੇਵਾਮੁਕਤ ਹੋਣ ਤੋਂ ਬਾਅਦ ਵਿਭਾਗ ਨੂੰ ਉਨ੍ਹਾਂ ਦੀ ਕਮੀ ਹਮੇਸ਼ਾ ਰੜਕਦੀ ਰਹੇਗੀ। ਇਸ ਮੌਕੇ ਵਿਨੋਦ ਕੁਮਾਰ, ਰਾਮ ਦਿਆਲ, ਰਾਜ ਕੁਮਾਰ, ਰਾਜਾ ਰਾਮ, ਅਸ਼ੋਕ ਕੁਮਾਰ, ਪਿੱਪਲ ਸਿੰਘ, ਰਾਮ ਸ਼ਰਮ, ਮੁਲਖ ਰਾਜ, ਮੁੱਖਣ ਚੰਦ ਸਮੇਤ ਵੱਡੀ ਗਿਣਤੀ ਵਿਚ ਦਇਆ ਸਿੰਘ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

# ਕੇਜਰੀਵਾਲ ਵੱਲੋਂ ਬਿਜਲੀ ਯੂਨਿਟ ਤੇ ਬਿੱਲ ਮੁਆਫ ਦਾ ਲੋਕਾਂ ਵੱਲੋਂ ਸਵਾਗਤ: ਆਸ਼ੂ ਬਾਂਗੜ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ )**: ਹਲਕਾ ਦਿਹਾਤੀ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਐੱਸਸੀ ਵਿੰਗ ਦੇ ਜ਼ਿਲ੍ਹਾ ਮੀਤ ਪ੍ਰਧਾਨ ਅਮਰਦੀਪ ਸਿੰਘ ਆਸ਼ੂ ਬਾਂਗੜ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਪ੍ਰਧਾਨ ਅਰਵਿੰਦ ਕੇਜਰੀਵਾਲ ਵੱਲੋਂ 300 ਬਿਜਲੀ ਯੂਨਿਟ ਅਤੇ ਬਿੱਲ ਮੁਆਫ ਕੀਤੇ ਜਾਣ ਸਬੰਧੀ ਲਏ ਗਏ ਫੈਸਲੇ ਦਾ ਲੋਕਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਹੈ। 'ਆਪ' ਸਰਕਾਰ ਵੱਲੋਂ ਦਿੱਲੀ ਵਿਖੇ ਦਿੱਤੀਆਂ ਜਾ ਰਹੀਆਂ ਸਹੂਲਤਾਂ ਤੋਂ ਪ੍ਰਭਾਵਿਤ ਹੋ ਕੇ ਲੋਕ ਰਿਵਾਇਤੀ ਪਾਰਟੀਆਂ ਤੋਂ ਕਿਨਾਰਾ ਕਰਨ ਲੱਗੇ ਹਨ ਅਤੇ ਵੱਡੇ ਇਕੱਠਾਂ ਦੇ ਰੂਪ ਵਿੱਚ 'ਆਪ' ਵਿਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਲੋਕ ਬਦਲਾਅ ਚਾਹੁੰਦੇ ਹਨ ਅਤੇ 2022 ਦੀਆਂ ਚੋਣਾਂ ਦੌਰਾਨ ਸੂਬੇ ਵਿਚ 'ਆਪ' ਦੀ ਸਰਕਾਰ ਬਣੇਗੀ। ਇਸ ਮੌਕੇ ਗੱਲਬਾਤ ਕਰਦੇ ਕੁਲਦੀਪ ਸਿੰਘ ਧੀਰਾ ਪੱਤਰਾ, ਬਲਰਾਜ ਸਿੰਘ ਸੰਧੂ, ਰਾਜੂ ਨਾਰੰਗ, ਨਿਸ਼ਾਨ ਸਿੰਘ ਨੇ ਕਿਹਾ ਕਿ ਲੋਕ ਬਿਜਲੀ ਦੇ ਬਿੱਲਾਂ ਤੋਂ ਕਾਫੀ ਤੰਗ ਹਨ। ਇਸ ਮਹਿੰਗਾਈ ਦੇ ਜ਼ਮਾਨੇ ਵਿੱਚ ਰੋਜ਼ਗਾਰ ਦੇ ਸਾਧਨ ਘੱਟ ਹੋਣ ਕਾਰਨ ਲੋਕ ਬਿਜਲੀ ਬਿੱਲ ਦੇਣ ਤੋਂ ਅਸਮਰਥ ਹਨ। ਲੋਕਾਂ ਨੂੰ ਨਾ ਤਾਂ ਪੂਰੀ ਬਿਜਲੀ ਮੁਹੱਈਆ ਕਰਵਾਈ ਜਾ ਰਹੀ ਅਤੇ ਨਾ ਹੀ ਬਿਜਲੀ ਬਿੱਲਾਂ ਵਿਚ ਕਿਸੇ ਤਰ੍ਹਾ ਦੀ ਕਟੌਤੀ ਕੀਤੀ ਜਾ ਰਹੀ, ਜਿਸ ਕਾਰਨ ਲੋਕ ਇਨ੍ਹਾਂ ਰਿਵਾਇਤੀ ਪਾਰਟੀਆਂ ਦੀਆਂ ਨੀਤੀਆਂ ਤੋਂ ਅੱਕ ਚੁੱਕੇ ਹਨ। ਉਨ੍ਹਾਂ ਕਿਹਾ 'ਆਪ' ਪਾਰਟੀ ਦੇ ਅਰਵਿੰਦ ਕੇਜਰੀਵਾਲ ਪੰਜਾਬ ਵਿਚ ਸਰਕਾਰ ਬਣਨ 'ਤੇ 300 ਯੂਨਿਟ ਬਿਜਲੀ ਅਤੇ ਪੁਰਾਣੇ ਬਿੱਲ ਮੁਆਫ ਕੀਤੇ ਜਾਣ ਦੇ ਐਲਾਨ ਕਾਰਨ ਲੋਕ ਬਾਗੋ ਬਾਗ ਹਨ।

# ਵਿਜੈ ਰਾਜਨ ਦੀ ਭੇਟਾਂ ਤੇ ਝੂਮੇ ਸ਼ਰਧਾਲੂ

**ਕਰਤਾਰਪੁਰ { ਜਸਵੰਤ ਵਰਮਾ, ਦਿਨੇਸ਼ ਕੁਮਾਰ}** ਪਿੰਡ ਮੰਡ ਮੋੜ ਵਿੱਚ ਗ੍ਰਾਮ ਪੰਚਾਇਤ ਅਤੇ ਪਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ 12ਵਾਂ ਮਾਂ ਭਗਵਤੀ ਦਾ ਜਾਗਰਨ ਆਯੋਜਨ ਕੀਤਾ ਗਿਆ ।ਇਸ ਦੌਰਾਨ ਮਹਾਂਮਾਈ ਦਾ ਸੁੰਦਰ ਭਵਨ ਆਕਰਸ਼ਨ ਦਾ ਕੇਂਦਰ ਸੀ ਸਭ ਤੋਂ ਪਹਿਲਾਂ ਮਹਾਂਮਾਈ ਦੀ ਪਾਵਨ ਜੋਤੀ ਪ੍ਰਜਵੱਲਿਤ ਕੀਤੀ ਗਈ ਅਤੇ ਸ੍ਰੀ ਗਣਪਤੀ ਜੀ ਦੀ ਅਰਾਧਨਾ ਦੇ ਨਾਲ ਜਾਗਰਣ ਦਾ ਸ੍ਰੀਗਣੇਸ਼ ਕੀਤਾ ਗਿਆ । ਇਸ ਜਾਗਰਣ ਦੇ ਮੁੱਖ ਮਹਿਮਾਨ ਬਹੁਜਨ ਸਮਾਜ ਪਾਰਟੀ ਦੇ ਬਲਵਿੰਦਰ ਕੁਮਾਰ ਅਕਾਲੀ ਦਲ ਦੇ ਜਥੇਦਾਰ ਗੁਰਜੰਦਰ ਸਿੰਘ ਅਤੇ ਸਬ ਇੰਸਪੈਕਟਰ ਹਰਦੀਪ ਸਿੰਘ ਸਨ ।ਜਿਨ੍ਹਾਂ ਨੇ ਮਹਾਮਾਈ ਦੇ ਅੱਗੇ ਨਤਮਸਤਕ ਹੋ ਕੇ ਅਸ਼ੀਰਵਾਦ ਹਾਸਲ ਕੀਤਾ। ਮਹਾਂਮਾਈ ਦੇ ਜਾਗਰਨ ਬੇਬੀ ਗਾਇਤਰੀ ਅਤੇ ਪਾਰਟੀ ਵਿਜੈ ਰਾਜਨ ਅਤੇ ਲਕਸ਼ਿਤ ਨੇ ਮਹਾਂਮਾਈ ਦੀ ਤੋਹਫਿਆਂ ਦੀ ਅਜਿਹੀ ਲੜੀ ਛੇੜੀ ਕੀ ਬੈਠੇ ਸ਼ਰਧਾਲੂ ਨੱਚਣ ਲਈ ਮਜਬੂਰ ਹੋਏ, ਇਸ ਦੌਰਾਨ "ਹੇ ਬੈਠ ,ਮਹਾਂਮਾਈ ਨੂੰ ਦੇਖੋ....,ਅਤੇ" ਦੁੱਖਾਂ ਦੀ ਆਵੇ ਹਨ੍ਹੇਰੀ ਭਰੋਸੇ ਦੀ ਪ੍ਰਸ਼ੰਸਾ ਕੀਤੀ, ਦਾਤੀ ਤੇ ਓ ਪਾਰ ਕਰੂ ਬਾਂਹ ਫੜ ਕੇ.....,ਆਦਿ ਅੰਤ ਵਿਚ ਤੀਹ ਦਾ ਅੰਤ ਨਾਈਟ ਸਟਾਰ ਰਾਣੀ ਕਥਾ ਨਾਲ ਮਹਾਂਮਾਈ ਦੀ ਆਰਤੀ ਦੀ ਪੂਜਾ ਕਰਕੇ ਕੀਤਾ ਗਿਆ।

ਇਸ ਦੌਰਾਨ ਪ੍ਰਬੰਧਕ ਕਮੇਟੀ ਦੇ ਮੁਖੀ ਕੁਲਦੀਪ ਸਿੰਘ ,ਸਰਪੰਚ ਮਹਿੰਦਰ ਕੌਰ ,ਦਲਜੀਤ ਕੌਰ ,ਚਮਨ ਲਾਲ, ਹਰਭਜਨ ਸਿੰਘ ,ਪਰਮਜੀਤ ਸਿੰਘ, ਮਨਜਿੰ-



ਦਰ ਸਿੰਘ, ਅਮਰਜੀਤ ਸਿੰਘ, ਤਰਲੋਚਨ ਸਿੰਘ,ਗਿਆਨ ਚੰਦ, ਗੁਰਮੀਤ ਸਿੰਘ,ਧਰੁਵ ਭਾਰਦਵਾਜ ,ਹੁਕਮ ਪਾਲ ਆਦਿ ਸ਼ਾਮਲ ਹੋਏ।ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਗਾਇਕ ਵਿਜੈ ਰਾਜਨ ਅਤੇ ਮਾਸਟਰ ਲਕਸ਼ਯ ਨੂੰ ਮਹਾਂਮਾਈ ਦੀ ਚੁੰਨਰੀ ਭੇਟ ਕਰ ਕੇ ਸਨਮਾਨਤ ਕੀਤਾ ਗਿਆ ।

# ਮਾਨਸ ਸੇਵਾ ਸਮਿਤੀ ਨੇ ਕੀਤਾ ਡਾਕਟਰਾਂ ਨੂੰ ਸਨਮਾਨਿਤ

**ਫਿਰੋਜਪੁਰ (ਅਸ਼ੋਕ ਭਾਰਦਵਾਜ)** ਫਿਰੋਜਪੁਰ ਦੀ ਨਾਮਵਰ ਸੰਸਥਾ ਮਾਨਸ ਸੇਵਾ ਸਮਿਤੀ ਜਿਸਨੇ ਕੇ ਲੋਕ ਭਲਾਈ ਦੇ ਕੰਮਾ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ ਹੈ ਪਿਛਲੀ ਦਿਨੀਂ ਕਰੋਨਾ ਮਹਾਮਾਰੀ ਦੋਰਾਨ ਇਸ ਸੰਸਥਾ ਨੇ ਲੋਕਾਂ ਦੀ ਦਿਨ ਰਾਤ ਸੇਵਾ ਕੀਤੀ ਸਮਾਜ ਭਲਾਈ ਦੇ ਕੰਮਾ ਤੋਂ ਇਲਾਵਾ ਫਿਰੋਜਪੁਰ ਦੇ ਨਾਮਵਾਰਾਂ ਨੂੰ ਉਹਨਾਂ ਦੇ ਕੰਮਾ ਪ੍ਰਤੀ ਉਤਸ਼ਾਹਿਤ ਕਰਨ ਲਈ ਸਮੇ ਸਮੇ ਤੇ ਉਹਨਾਂ ਨੂੰ ਸਨਮਾਨਿਤ ਕੀਤਾ ਇਸੇ ਲੜੀ ਤਹਿਤ ਡਾਕਟਰ ਦਿਵਸ ਮੋਕੇ ਤੇ ਉਹਨਾਂ ਸਾਰੇ ਡਾਕਟਰਾਂ ਨੂੰ ਸਨਮਾਨਿਤ ਕੀਤਾ ਗਿਆ ਜਿਨਾ ਨੇ ਕਰੋਨਾ ਕਾਲ ਦੋਰਾਨ ਆਪਣੀਆਂ ਅਹਿਮ ਸੇਵਾਵਾਂ ਨਿਭਾਈਆਂ। ਇਸ ਸਮੇ ਤੇ ਸਮਿਤੀ ਦੇ ਪ੍ਰਧਾਨ ਪੰਡਿਤ ਅੰਸ਼ੂ ਦੇਵਗਨ ਨੇ ਕਿਹਾ ਕੇ ਕਾਰੋਨਾ ਕਾਲ ਦੋਰਾਨ ਹਰ ਵਰਗ ਹਰ ਪੇਛੇ ਦੇ ਲੋਕਾਂ ਨੇ ਜਿਨਾ ਫਰੰਟ ਲਾਇਨ ਤੇ ਖੜ ਕੇ ਕਰੋਨਾ ਤੇ ਜੰਗ ਜਿਤੀ ਹੈ ਸਾਡੀ ਸਾਰੀ ਸਮਿਤੀ ਉਹਨਾਂ ਯੋਧਿਆਂ ਨੂੰ ਪ੍ਰਣਾਮ ਕਰਦੀ ਹੈ ਉਥੇ ਹੀ ਇਸ ਸੰਕਟ ਦੀ ਘੜੀ ਵਿੱਚ ਮੈਡੀਕਲ ਸੇਵਾਵਾਂ ਦੇਣ ਵਾਲੇ ਡਾਕਟਰਾਂ ਨੇ ਜੋ ਭੂਮਿਕਾ ਨਿਭਾਈ ਹੈ ਅਸੀਂ ਹਮੇਸ਼ਾ ਹੀ ਉਹਨਾਂ ਦੇ ਰਿਣੀ ਰਹਾਗੇ ਸੋ ਮੇਰੀ ਸਾਰੇ ਹੀ ਸਮਾਜ ਦੇ ਲੋਕਾਂ ਨੂੰ ਬੇਨਤੀ ਹੈ ਕੇ ਕਿਸੇ ਵੀ ਸੰਕਟ ਕਾਲ ਵਿੱਚ ਆਪਣੀ ਭੂਮਿਕਾ ਨਿਭਾਉਣ ਵਾਲੇ ਹਰ ਉਸ ਸ਼ਕਸ਼ ਨੂੰ ਸਲਾਮ ਕਰੋ ਜਿਨਾ ਨੇ ਆਪਣੀ ਜਾਨ ਦੀ ਪਰਵਾਹ ਕੀਤੇ



ਬਿਨਾਂ ਆਪਾਂ ਨੂੰ ਘਰ ਵਿੱਚ ਸੁਰਖਿਅਤ ਰੱਖਿਆ। ਇਸ ਸਮੇ ਡਾਕਟਰ ਪੂਨਮ,ਡਾ ਦੀਦਾਰ ਸਿੰਘ,ਡਾ ਬਜਾਜ,ਡਾ ਨਿਧਿ ਖੁਰਾਣਾ,ਡਾ ਅਨੂੰ ਮਾਨਕਟਾਲਾ,ਡਾ ਦੀਪਨ ਤੋਂ ਇਲਾਵਾ ਕੁੱਝ ਹੋਰ ਡਾਕਟਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੋਕੇ ਤੇ ਪੰਡਿਤ ਅਨਸ਼ੂ ਦੇਵਗਨ ਦੇ ਨਾਲ ਸਪਨਾ ਧਵਨ ਪ੍ਰਿਸੀਪਲ,ਲਵਕੇਸ਼ ਦੇਵਗਨ,ਗੌਰਵ ਧਵਨ ਆਦਿ ਹਾਜ਼ਿਰ ਰਹੇ।

# ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੀ ਮਾਸਕ ਮੀਟਿੰਗ ਹੋਈ

**ਕਰਤਾਰਪੁਰ ( ਜਸਵੰਤ ਵਰਮਾ, ਦਿਨੇਸ਼ ਕੁਮਾਰ)** ਭਾਰਤੀ ਕਿਸਾਨ ਯੂਨੀਅਨ ਪੰਜਾਬ (ਰਜਿ.)ਕਾਦੀਆਂ ਦੀ ਮੀਟਿੰਗ ਗੁਰਦੁਆਰਾ ਗੰਗਸਰ ਸਾਹਿਬ ਕਰਤਾਰਪੁਰ( ਜਲੰਧਰ) ਵਿਖੇ ਜਸਬੀਰ ਸਿੰਘ ਲਿਟਾਂ ਜ਼ਿਲ੍ਹਾ ਪ੍ਰਧਾਨ ਅਤੇ ਬਹਾਦਰ ਸਿੰਘ ਮੱਲੀਆਂ ਬਲਾਕ ਪ੍ਰਧਾਨ ਕਰਤਾਰਪੁਰ ਦੀ ਪ੍ਰਧਾਨਗੀ ਹੇਠ ਕਿਸਾਨੀ ਮੁੱਦਿਆਂ ਤੇ ਹੋਈ।ਉਪਰੰਤ ਚੱਲ ਰਹੀ ਬਿਜਲੀ ਸਪਲਾਈ ਦੀ ਘਾਟ ਦੇ ਵਿਰੋਧ ਵਿਚ ਜਥੇਬੰਦੀਆਂ ਵੱਲੋਂ ਦਫਤਰ ਕਰਤਾਰਪੁਰ (ਜਲੰਧਰ) ਵਿੱਚ ਰੋਸ ਧਰਨਾ ਦਿੱਤਾ ਗਿਆ ।ਰੋਜ਼ ਦੇਖਦੇ ਹੋਏ ਸਾਹਿਬ ਕਪੂਰਥਲਾ ਧਰਨੇ ਵਿਚ ਆਏ ਅਤੇ ਉਨ੍ਹਾਂ ਨੂੰ ਮੰਗ ਪੱਤਰ ਦਿੱਤਾ ਗਿਆ।ਉਨ੍ਹਾਂ ਦੇ ਭਰੋਸਾ ਦੇਣ ਉਪਰੰਤ ਧਰਨਾ ਸਮਾਪਤ ਹੋਇਆ।ਪੰਜਾਬ ਵਿੱਚ 10 ਜੂਨ ਤੋਂ ਸ਼ੁਰੂ ਹੋਏ ਪੈਡੀ ਸੀਜ਼ਨ ਵਿਚ ਪੰਜਾਬ ਸਰਕਾਰ ਨੇ 8 ਘੰਟੇ ਨਿਰਵਿਘਨ ਰੋਜ਼ਾਨਾ ਪਾਵਰ ਸਪਲਾਈ ਮੋਟਰਾਂ ਲਈ ਐਲਾਨ ਕੀਤਾ ਸੀ ਪਰੰਤੂ ਆਰੰਭ ਤੋਂ ਲੈ ਕੇ ਹੀ ਮੋਟਰਾਂ ਲਈ ਬਿਜਲੀ 5-6 ਘੰਟੇ ਤੋਂ ਸ਼ੁਰੂ ਹੋ ਕੇ ਘਟਦੀ ਘਟਦੀ ਹੁਣ ਟੁੱਟਵੀਂ 2-3ਘੰਟੇ ਮਿਲ ਰਹੀ ਹੈ।ਝੋਨੇ, ਕਮਾਦ ,ਹਰਾ ਚਾਰਾ ,ਫਸਲਾਂ ਸੁੱਕ ਸੜ ਰਹੀਆਂ ਹਨ ।ਝੋਨੇ ਲਈ ਸਿਰਫ ਤਿੰਨ ਮਹੀਨੇ ਹੀ ਬਿਜਲੀ ਦੀ ਲੋੜ ਪੂਰੀ ਨਹੀਂ ਹੁੰਦੀ ।

ਪੂਰਾ ਪੰਜਾਬ ਵਿੱਚ ਝੁਲਸ ਰਿਹਾ ਹੈ ਅਜਿਹੇ ਐਮਰਜੈਂਸੀ ਹਾਲਤਾਂ ਵਿਚ ਘਰੇਲੂ ਬਿਜਲੀ ਸਪਲਾਈ ਵਿੱਚ 10-12 ਘੰਟੇ ਦੇ ਅਣਐਲਾਨੇ ਕੱਟ ਲੱਗ ਰਹੇ ਹਨ ।ਜੋ ਦੇਸ਼ ਦੇ ਵਸਨੀਕਾਂ ਨਾਲ ਸਰਕਾਰ ਵੱਲੋਂ ਵੱਡਾ ਧੋਖਾ ਹੈ।ਪਾਵਰਕਾਮ ਦੇ ਬਿਜਲੀ ਸਬੰਧੀ ਕੀਤੇ ਪ੍ਰਬੰਧਾਂ ਦੀ ਪੋਲ ਖੁੱਲ੍ਹ ਗਈ ਹੈ।ਸਾਰਾ ਪੰਜਾਬ ਤੜਪ ਉੱਠਿਆ ਹੈ।ਭਾਰਤੀ ਕਿਸਾਨ ਯੂਨੀਅ (ਕਾਦੀਆਂ) ਮੰਗ ਕਰਦੀ ਹੈ ਕਿ ਅੱਜ ਤੋਂ ਹੀ ਘਰੇਲੂ ਬਿਜਲੀ ਦੇ ਕੱਟ ਬਿਲਕੁਲ ਬੰਦ ਕੀਤੇ ਜਾਣ ਅਤੇ ਮੋਟਰਾਂ ਲਈ ਨਿਰਵਿਘਨ ਦਿਨ ਸਮੇਂ 12 ਘੰਟੇ ਰੋਜ਼ਾਨਾ ਪਾਵਰ ਸਪਲਾਈ ਦਿੱਤੀ ਜਾਵੇ।ਜੇਕਰ ਹਾਲਾਤ ਨਾ ਸੁਧਾਰੇ ਗਏ ਤਾਂ ਇਸ ਤੋਂ ਵੱਡਾ ਕਦਮ ਚੁੱਕ ਕੇ ਤੇਜ਼ ਸੰਘਰਸ਼ ਕਰੇਗੀ।ਪਹਿਲਾਂ ਮੋਦੀ ਸਰਕਾਰ ਨੇ ਕਾਲੇ ਕਾਨੂੰਨ ਪਾਸ ਕਰਕੇ 9 ਮਹੀਨਿਆਂ ਤੋਂ ਕਿਸਾਨਾਂ ਨੂੰ ਅੰਦੋਲਨ ਕਰਨ ਲਈ ਮਜਬੂਰ ਕੀਤਾ ਹੋਇਆ ਹੈ ਅਤੇ ਹੁਣ ਪੰਜਾਬ ਸਰਕਾਰ ਵੀ ਕੇਂਦਰ ਦੇ ਨਕਸ਼ੇ ਕਦਮਾਂ ਤੇ ਚੱਲਦਿਆਂ ਕਿਸਾਨਾਂ ਨੂੰ ਪਰੇਸ਼ਾਨ ਕਰ ਰਹੀ ਹੈ ਜਿਸ ਦੇ ਨਤੀਜੇ ਵਜੋਂ ਕਿਸਾਨ ਅਤੇ ਜਥੇਬੰਦੀਆਂ ਪੰਜਾਬ ਸਰਕਾਰ ਵਿਰੁੱਧ



ਅੰਦੋਲਨ ਛੇੜ ਸਕਦੀਆਂ ਹਨ ।

ਇਸ ਮੌਕੇ ਤੇ ਸਰਬਜੀਤ ਸਿੰਘ ਧੀਰਪੁਰ ਜ਼ਿਲ੍ਹਾ ਸਕੱਤਰ ਜਨਰਲ ,ਚਰਨਜੀਤ ਸਿੰਘ ਕਾਲਾ ਖੇੜਾ ਜ਼ਿਲਾ ਸੀ.ਮੀਤ ਪ੍ਰਧਾਨ,ਦਲਬੀਰ ਸਿੰਘ ਨਾਨਕਪੁਰ ਜ਼ਿਲਾ ਸੀ. ਮੀਤ ਪ੍ਰਧਾਨ, ਜਸਵਿੰਦਰ ਸਿੰਘ ਮਾਨਾ ਤਲਵੰਡੀ ਬਲਾਕ ਪ੍ਰਧਾਨ ਨਡਾਲਾ,ਸਤਿੰਦਰ ਸਿੰਘ ਮੱਲੀਆਂ ਜ਼ਿਲ੍ਹਾ ਮੁੱਖ ਬੁਲਾਰਾ,ਜੋਗਿੰਦਰ ਸਿੰਘ ਬਾਗੜੀਆਂ ਸਕੱਤਰ ਬਲਾਕ ਭੁਲੱਥ,ਸਤਪਾਲ ਸਿੰਘ ਸਰਪੰਚ ਤਾਜਪੁਰ ਬਲਾਕ ਪ੍ਰਧਾਨ ਢਿਲਵਾਂ,ਜੋਗਾ ਸਿੰਘ ਇਬਰਾਹੀਮਵਾਲ ਮੀਤ ਪ੍ਰਧਾਨ ਬਲਾਕ ਨਡਾਲਾ,ਬਖਸ਼ੀਸ਼ ਸਿੰਘ ਮਜਾਦਪੁਰ ਬਲਾਕ ਪ੍ਰਧਾਨ ਕਪੂਰਥਲਾ,ਤਰਲੋਚਨ ਸਿੰਘ ਨੂਰਪੁਰ ਮੈਂਬਰ ਬਲਾਕ ਢਿਲਵਾਂ, ਜਸਪਾਲ ਸਿੰਘ ਕਾਹਲਵਾਂ ਪ੍ਰਧਾਨ ਇਕਾਈ ਪਿੰਡ ਕਾਹਲਵਾਂ,ਇੰਸਪੈਕਟਰ ਗੁਲਜਾਰ ਸਿੰਘ ਖੱਸਣ,ਮੋਹਨ ਲਾਲ ਮੱਲੀਆਂ ਨੰਬਰਦਾਰ,ਬਲਵੀਰ ਸਿੰਘ ਆਲਮਪੁਰ ,ਗੁਰਵਿੰਦਰ ਸਿੰਘ ਲਿੱਟਾਂ, ਜਗਜੀਤ ਸਿੰਘ ਜੱਗਾ ਪੱਤੜ ਕਲਾਂ, ਜਰਨੈਲ ਸਿੰਘ ਫੌਜੀ ਆਲਮਪੁਰ, ਦਲਜੀਤ ਸਿੰਘ ਘੁਮਿਆਰਾ ,ਬਲਵੀਰ ਸਿੰਘ ਕਾਲਾਖੇੜਾ ,ਬਿੰਦਰ ਸਿੰਘ ਪੱਤੜ ਕਲਾਂ,ਬਲਵੀਰ ਸਿੰਘ ਬਿੰਦਾ ਕਾਹਲਵਾਂ ਆਦਿ ਹਾਜ਼ਰ ਸਨ।

# ਹੁਣ ਚੰਡੀਗੜ ਤੋਂ ਹਿਮਾਚਲ ਲਈ ਫੇਰ ਚੱਲਣਗੀਆਂ ਸੀ. ਟੀ. ਯੂ. ਬਸਾਂ

**ਚੰਡੀਗੜ (ਦੀਪਕ ਸਰਮਾ)** ਸੂਬਿਆਂ ਵਿਚ ਹੁਣ ਟਰਾਂਸਪੋਰਟ ਪਹਿਲਾਂ ਦੀ ਤਰਾਂ ਸ਼ੁਰੂ ਹੋ ਰਹੀ ਹੈ। ਇਸ ਕੜੀ ਵਿਚ ਚੰਡੀਗੜ ਟਰਾਂਸਪੋਰਟ ਅੰਡਰਟੇਕਿੰਗ (ਸੀ. ਟੀ. ਯੂ.) ਨੇ ਵੀਰਵਾਰ ਤੋਂ ਹਿਮਾਚਲ ਪ੍ਰਦੇਸ਼ ਦੇ ਸਾਰੇ ਰੂਟਾਂ 'ਤੇ ਆਪਣੀ ਬੱਸ ਸੇਵਾ ਸ਼ੁਰੂ ਕਰਨ ਦਾ ਫੈਸਲਾ ਲਿਆ ਹੈ। ਇਸ ਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਲਈ ਵੀ ਹੁਣ ਪਹਿਲਾਂ ਦੀ ਤਰਾਂ ਬੱਸਾਂ ਚੱਲਣਗੀਆਂ। ਟਰਾਂਸਪੋਰਟ ਵਿਭਾਗ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਹੁਣ ਸ਼ਹਿਰ ਵਿਚ ਕੋਰੋਨਾ ਦੇ ਮਾਮਲੇ ਬੇਹੱਦ ਘੱਟ ਹੋ ਗਏ ਹਨ। ਇਸ ਲਈ ਹੁਣ ਲੰਬੇ ਰੂਟ ਦੀਆਂ ਬੱਸਾਂ, ਜੋ ਕੋਰੋਨਾ ਵਾਇਰਸ ਦੇ ਖਤਰੇ ਨੂੰ ਵੇਖਦਿਆਂ ਬੰਦ ਰੱਖੀਆਂ ਗਈਆਂ ਸਨ, ਨੂੰ ਸ਼ੁਰੂ ਕਰ ਦਿੱਤਾ ਜਾਵੇਗਾ। ਪੰਜਾਬ ਅਤੇ ਹਰਿਆਣਾ ਦੇ ਵੱਖ-ਵੱਖ ਰੂਟਾਂ 'ਤੇ ਬੀਤੇ ਦਿਨੀਂ ਹੀ ਸਾਰੇ ਰੂਟਾਂ ਨੂੰ ਸ਼ੁਰੂ ਕਰ ਦਿੱਤਾ ਗਿਆ ਸੀ ਪਰ ਹੁਣ ਇੱਥੇ ਵੀ ਬੱਸਾਂ ਦੀ ਗਿਣਤੀ ਵਧਾ ਦਿੱਤੀ ਜਾਵੇਗੀ। ਵੀਰਵਾਰ ਤੋਂ ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ, ਹਮੀਰਪੁਰ, ਤਲਵਾੜਾ ਅਤੇ ਸੁਜਾਨਪੁਰ ਲਈ ਬੱਸ ਸੇਵਾ ਸ਼ੁਰੂ ਕੀਤੀ ਜਾਵੇਗੀ। ਇਹ ਬੱਸਾਂ ਸਵੇਰੇ ਜਾਣਗੀਆਂ ਅਤੇ ਸ਼ਾਮ ਨੂੰ ਵਾਪਸ ਆਉਣਗੀਆਂ। ਸਵਾਰੀਆਂ ਦੀ ਗਿਣਤੀ ਦੇਖਣ ਤੋਂ ਬਾਅਦ ਹੀ ਰਾਤ ਨੂੰ ਇਨਾਂ ਰੂਟਾਂ 'ਤੇ ਬੱਸਾਂ ਚਲਾਉਣ ਦਾ ਫੈਸਲਾ ਲਿਆ ਜਾਵੇਗਾ। ਸਾਰੀਆਂ ਬੱਸਾਂ ਨੂੰ 10 ਮਈ ਤੋਂ ਬੰਦ ਰੱਖਿਆ ਗਿਆ ਸੀ। ਹਾਲਾਂਕਿ ਅਜੇ ਉੱਤਰਾਖੰਡ ਲਈ ਬੱਸ ਸੇਵਾ ਸ਼ੁਰੂ ਨਹੀਂ ਕੀਤੀ ਜਾ ਰਹੀ ਹੈ। ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਉੱਤਰਾਖੰਡ ਸਰਕਾਰ ਵੱਲੋਂ ਬੱਸਾਂ ਚਲਾਉਣ ਲਈ ਹਰੀ ਝੰਡੀ ਨਹੀਂ ਦਿੱਤੀ ਗਈ ਹੈ। ਉੱਥੋਂ ਮਨਜੂਰੀ ਆਉਣ ਤੋਂ ਬਾਅਦ ਹੀ ਉਹ ਸੂਬਿਆਂ ਦੇ ਵੱਖ-ਵੱਖ ਸ਼ਹਿਰਾਂ ਲਈ ਆਪਣੀ ਬੱਸ ਸੇਵਾ ਸ਼ੁਰੂ ਕਰ ਦੇਣਗੇ। ਕੋਰੋਨਾ ਦੀ ਦੂਜੀ ਲਹਿਰ ਆਉਣ ਤੋਂ ਬਾਅਦ ਅਪ੍ਰੈਲ ਵਿਚ ਪ੍ਰਸ਼ਾਸਨ ਨੇ ਸ਼ਹਿਰ ਵਿਚ ਰਾਤ ਦਾ ਕਰਫਿਊ ਲਾ ਦਿੱਤਾ। ਇਸ ਤੋਂ ਬਾਅਦ ਵਿਭਾਗ ਨੂੰ ਸਵਾਰੀਆਂ ਨਾ ਮਿਲੀਆਂ ਤਾਂ ਸਭ ਤੋਂ ਪਹਿਲਾਂ ਹੁਕਮ ਜਾਰੀ ਕਰ ਕੇ ਰਾਤ ਸਮੇਂ ਪੰਜਾਬ ਜਾਣ ਵਾਲੀਆਂ ਸਾਰੀਆਂ ਬੱਸਾਂ ਨੂੰ ਬੰਦ ਕਰ ਦਿੱਤਾ। ਇਸ ਤੋਂ ਬਾਅਦ ਹੌਲੀ-ਹੌਲੀ ਕੁੱਝ ਰੂਟਾਂ 'ਤੇ ਵੀ ਬੱਸਾਂ ਨੂੰ ਬੰਦ ਕੀਤਾ ਗਿਆ। ਇਸ ਤੋਂ ਬਾਅਦ ਪੰਜਾਬ, ਹਰਿਆਣਾ ਅਤੇ ਹੋਰ ਸੂਬਿਆਂ ਵਿਚ ਮਿੰਨੀ ਲਾਕਡਾਊਨ ਲਾ ਦਿੱਤਾ, ਜਿਸ ਕਾਰਨ ਸੀ. ਟੀ. ਯੂ. ਨੂੰ ਆਪਣੀਆਂ ਸੇਵਾਵਾਂ ਬੰਦ ਕਰਨੀਆਂ ਪਈਆਂ। ਹਾਲਾਂਕਿ ਹੁਣ ਅਨਲਾਕ ਦਾ ਦੌਰ ਸ਼ੁਰੂ ਹੋ ਗਿਆ ਹੈ। ਇਸ ਤੋਂ ਇਲਾਵਾ ਹੁਣ ਬੱਸਾਂ ਵਿਚ 50 ਫ਼ੀਸਦੀ ਸਵਾਰੀਆਂ ਦੀ ਸ਼ਰਤ ਨੂੰ ਵੀ ਹਟਾਇਆ ਜਾ ਸਕਦਾ ਹੈ ਕਿਉਂਕਿ ਕਈ ਸੂਬਿਆਂ ਨੇ ਪੂਰੀ ਸਮਰੱਥਾ ਨਾਲ ਬੱਸਾਂ ਚਲਾਉਣ ਦੀ ਇਜਾਜਤ ਦੇ ਦਿੱਤੀ ਹੈ। ਇਹੀ ਕਾਰਣ ਹੈ ਕਿ ਯੂ. ਟੀ. ਪ੍ਰਸ਼ਾਸਨ ਵੀ ਇਸ ਸਬੰਧੀ ਹੁਕਮ ਜਾਰੀ ਕਰ ਸਕਦਾ ਹੈ। ਘੱਟ ਸਵਾਰੀਆਂ ਦੀ ਸ਼ਰਤ ਕਾਰਨ ਲੋਕਾਂ ਨੂੰ ਬੱਸਾਂ ਲਈ ਕਾਫ਼ੀ ਇੰਤਜ਼ਾਰ ਕਰਨਾ ਪੈਂਦਾ ਹੈ। ਇਹੀ ਕਾਰਨ ਹੈ ਕਿ ਸਵਾਰੀਆਂ ਦੀ ਗਿਣਤੀ ਵਧਾਉਣ ਸਬੰਧੀ ਲੋਕ ਵੀ ਮੰਗ ਕਰ ਰਹੇ ਹਨ।

# ਭਾਰੀ ਗਿਣਤੀ ਵਿੱਚ ਮਨੂੰਵਾਦੀ ਪਾਰਟੀਆਂ ਦੀਆ ਨੀਤੀਆ ਤੋਂ ਤੰਗ ਆ ਕੇ ਲੋਕ 'ਆਪ' ਪਾਰਟੀ ਵਿੱਚ ਸਾਮਲ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ )** : ਸਾਬਕਾ ਡੀ ਸੀ ਪੀ ਸ: ਬਲਕਾਰ ਸਿੰਘ ਜਦੋਂ ਦੇ ਆਮ ਆਦਮੀ ਪਾਰਟੀ ਵਿੱਚ ਸਾਮਲ ਹੋਏ ਹਨ ਉਦੋਂ ਤੋਂ ਲੈ ਕੇ ਹੁਣ ਤੱਕ ਆਮ ਜਨਤਾ ਦਾ ਉਨਾ ਨੂੰ ਬਹੁਤ ਹੀ ਭਰਵਾ ਹੁੰਗਾਰਾ ਮਿਲ ਰਿਹਾ ਹੈ ਕਿਉਂਕਿ ਸ: ਬਲਕਾਰ ਸਿੰਘ ਆਮ ਜਨਤਾ ਦੇ ਨਾਲ ਹੇਠਲੇ ਪੱਧਰ ਤੇ ਜੁੜੇ ਹੋਏ ਹਨ ਉਨਾ ਦਾ ਆਮ ਵਰਗ ਵਿੱਚ ਅਸਰ ਰਸੂਕ ਬਹੁਤ ਹੀ ਵਧੀਆਂ ਹੈ ਉਨਾ ਨੂੰ ਹਰ ਇੱਕ ਵਰਗ ਬਹੁਤ ਹੀ ਮਾਨ ਤੇ ਸਤਿਕਾਰ ਦਿੰਦਾ ਹੈ । ਸ: ਬਲਕਾਰ ਸਿੰਘ ਜੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਜੋ ਵਿੱਚ ਦਿੱਲੀ ਮਾਡਲ ਪੇਸ ਕੀਤਾ ਹੈ ਉਹ ਪੰਜਾਬ ਵਿੱਚ ਵੀ ਲਾਗੂ ਕੀਤਾ ਜਾਵੇਗਾ । ਅੱਜ ਹਲਕਾ ਕਰਤਾਰਪੁਰ ਦੇ ਲੋਕ ਸ: ਬਲਕਾਰ ਸਿੰਘ ਜੀ ਦੇ ਨਾਲ ਤਨ-ਮਨ ਨਾਲ ਜੁੜ ਰਹੇ ਹਨ । ਉਨਾ ਦੀ ਹਾਜ਼ਰੀ ਵਿੱਚ ਹਲਕੇ ਦੇ ਭਾਰੀ ਗਿਣਤੀ ਵਿੱਚ ਨੌਜਵਾਨ ਆਮ ਆਦਮੀ ਪਾਰਟੀ ਵਿੱਚ ਸਾਮਲ ਹੋਏ ਜਿੰਨਾ ਵਿੱਚ ਵਿਸ਼ੇਸ਼ ਤੌਰ ਤੇ ਪਾਸਟਰ ਹਰਜੋਤ ਸੇਠੀ ਚੇਅਰਮੈਨ ਕਰਾਈਸਟ ਪਾਵਰ ਮਨਿਸਟਰੀ , ਬਲਾਕ ਸੰਮਤੀ ਮੈਂਬਰ ਕਾਂਗਰਸ ਪਾਰਟੀ ਲਾਬੜਾ, ਸਿਮਰਨਜੀਤ ਸਿੰਘ ਖੁਰਾਣਾ ਯੂਥ ਪ੍ਰਧਾਨ ਅਕਾਲੀ ਦਲ ਬਾਦਸਾਹਪੁਰ , ਸਰਨਜੀਤ ਸਿੰਘ ਖੁਰਾਣਾ ਮੀਤ ਯੂਥ ਪ੍ਰਧਾਨ ਅਕਾਲੀਦਲ ਬਾਦਸ਼ਾਹ ਪੁਰ , ਰੋਹਿਤ ਕੁਮਾਰ ਮੀਤ ਪ੍ਰਧਾਨ ਕਾਂਗਰਸ ਪਾਰਟੀ , ਸਤੀਸ ਜੱਸਣ ਮੀਤ ਪ੍ਰਧਾਨ ਬਹੁਜਨ ਸਮਾਜ ਪਾਰਟੀ ਪਿੰਡ ਭਗਵਾਨਪੁਰ , ਲਵਪ੍ਰੀਤ ਸਿੰਘ , ਸਈਮਨ ਸੰਗਲ਼ ਸੋਹਲ , ਰੋਹਿਤ ਲੱਲੀਆ ,ਸਾਜਨ ਕੁਮਾਰ , ਸੋਨੂੰ ਸਹੋਤਾ , ਸੰਦੀਪ ਸਿੰਘ ਸਮੇਤ ਭਾਰੀ ਗਿਣਤੀ ਵਿੱਚ ਸਾਥੀ 'ਆਪ 'ਪਾਰਟੀ ਵਿੱਚ ਸਾਮਲ ਹੋਏ . ਇਸ



ਮੌਕੇ ਪਾਰਟੀ ਦੀ ਹਾਈ ਕਮਾਡ ਤੋ ਇਲਾਵਾ ਅਜੀਤ ਸਿੰਘ ਮੰਡ , ਸੁਰਿੰਦਰ ਪਾਲ ਕੌਂਸਲਰ , ਗੁਰਪਾਲ ਸਿੰਘ ( ਸਾਬਕਾ ਹਲਕਾ ਇੰਚਾਰਜ), ਸੰਤੋਖ ਸਿੰਘ ਨੰਦਰਾ , ਹਰੀ ਮਿੱਤਲ ਨੂਰਪੁਰ , ਲੱਬਾ ਰਾਮ ਸਰਕਲ ਪ੍ਰਧਾਨ , ਗੋਲਡੀ ਕਰਤਾਰਪੁਰ ਯੂਥ ਪ੍ਰਧਾਨ , ਗੌਰਵ ਦੁੱਗਰੀ , ਬਿੰਦਾ ਦੁੱਗਰੀ , ਸਬ ਇੰਸ: ਇੰਦਰਪਾਲ ਸਿੰਘ , ਖੁਸ਼ਵਿੰਦਰ ਕੌਰ , ਬਬਲੀ , ਲਖਵਿੰਦਰ ਕੌਰ , ਨੇਹਾ ਚੰਦਨ ਨਗਰ , ਵਿਜੈ ਹੰਸ, ਰਣਜੀਤ ਪ੍ਰਤਾਪ ਸਿੰਘ, ਕਾਹਲੋ, ਹਰੀ ਸਿੰਘ ਫ਼ੌਜੀ , ਸਾਬਕਾ ਇੰਸ: ਤਰਲੋਚਨ ਸਿੰਘ , ਬੀਰ ਚੰਦ ਸੁਰੀਲਾ , ਗਿਆਨ ਚੰਦ ਮੱਲ, ਸੁਰੇਸ ਕਲੇਰ ਆਦਿ ਵੀ ਹਾਜ਼ਰ ਸਨ ।

# ਰੋਜਾਨਾ ਵਰਤੋਂ ਦੀਆ ਚੀਜਾਂ ਤੇ ਤੇਲ ਦੀਆਂ ਕੀਮਤਾਂ ਵਧਾਉਣ ਦੀ ਬਜਾਏ ਘਟਾਏ ਸਰਕਾਰ-ਸੁਰੇਸ਼ ਕੁਮਾਰ

**ਫਿਰੋਜਪੁਰ (ਅਸ਼ੋਕ ਭਾਰਦਵਾਜ)** ਦਿਨੋ ਦਿਨ ਖਾਨ ਪੀਣ ਦੀਆ ਵਸਤੂਆਂ ਤੋਂ ਇਲਾਵਾ ਪੇਟ੍ਰੋਲਿਅਮ ਪਦਾਰਥਾਂ ਦੀਆਂ ਕੀਮਤਾਂ ਵਿੱਚ ਲਗਾਤਾਰ ਹੋ ਰਿਹਾ ਵਾਧਾ ਲੋਕਾਂ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ ਇਹਨਾਂ ਗੱਲਾਂ ਦਾ ਪ੍ਰਗਟਾਵਾ ਆਜਾਦ ਸਮਾਜ ਪਾਰਟੀ ( ਸਾਹਿਬ ਕਾਂਸ਼ੀ ਰਾਮ) ਦੇ ਫਿਰੋਜਪੁਰ ਤੋਂ ਸ਼ਹਿਰੀ ਪ੍ਰਧਾਨ ਸੁਰੇਸ਼ ਕੁਮਾਰ ਨੇ ਕੀਤਾ ਅੱਗੇ ਬੋਲਦਿਆਂ ਉਹਨਾਂ ਕਿਹਾ ਕੇ ਸਰਕਾਰਾਂ ਨੂੰ ਚਾਹੀਦਾ ਹੈ ਕੇ ਆਪਣੇ ਸੂਬੇ ਦੇ ਲੋਕਾਂ ਨੂੰ ਮਿਲਣ ਵਾਲੀਆ ਸਹੂਲਤਾਂ ਪਹਿਲ ਦੇ ਆਧਾਰ ਤੇ ਬਿਨਾ ਕਿਸੇ ਭੇਦ ਭਾਵ ਦੇ ਲੋਕਾਂ ਨੂੰ ਦੇਣੀਆਂ ਚਾਹੀਦਆਂ ਹਨ ਪਿਛਲੇ ਤਕਰੀਬਨ



2 ਕੁ ਸਾਲ ਤੋਂ ਸਾਰੇ ਲੋਕ ਕਰੋਨਾ ਮਹਾਂਮਾਰੀ ਨਾਲ ਲੜ ਰਹੇ ਹਨ ਸੋ ਇਸ ਮਾੜੇ ਸਮੇ ਵਿੱਚ ਸਰਕਾਰ ਨੂੰ ਲੋਕਾਂ ਦੀ ਹਰ ਸੰਭਵ ਮੱਦਦ ਕਰਨੀ ਚਾਹੀਦੀ ਸੀ ਪਰ ਮਦਦ ਕਰਨ ਦੀ ਬਜਾਏ ਲੋਕਾਂ ਦੁਆਰਾ ਰੋਜਾਨਾ ਵਰਤਣ ਵਾਲੀਆਂ ਵਸਤੂਆਂ ਤੋਂ ਇਲਾਵਾ ਪੇਟ੍ਰੋਲਿਅਮ ਦੀਆਂ ਵਸਤੂਆਂ ਦੇ ਰੋਜਾਨਾ ਕੀਮਤਾਂਦੇ ਵਾਧੇ ਨਾਲ ਸਰਕਾਰ ਨੇ ਲੋਕਾਂ ਦਾ ਲਕ ਤੋੜ ਕੇ ਰੱਖ ਦਿਤਾ ਹੈ ਸੋ ਸਾਡੀ ਪਾਰਟੀ ਮੋਕੇ ਦੀਆਂ ਸਰਕਾਰਾਂ ਨੂੰ ਬੇਨਤੀ ਕਰਦੀ ਹੈ ਕੇ ਲੋਕਾਂ ਦੇ ਲਕ ਤੋੜਨ ਦੀ ਬਜਾਏ ਇਹਨਾਂ ਵਸਤੂਆਂ ਦੀਆਂ ਕੀਮਤਾਂ ਘਟਾਏ !

# ਰਜਨੀਸ਼ ਸੂਦ ਸਾਲ 2021-22 ਲਈ ਲਾਇਨ ਕੱਲਬ ਕਰਤਾਰਪੁਰ ਦੇ ਪ੍ਰਧਾਨ ਬਣੇ, ਬਾਕੀ ਆਹੁਦੇਦਾਰਾ ਦੀ ਵੀ ਚੋਣ ਹੋਈ

**ਕਰਤਾਰਪੁਰ ( ਜਸਵੰਤ ਵਰਮਾ, ਦਿਨੇਸ਼ ਕੁਮਾਰ)** ਲਾਇਨ ਕੱਲਬ ਕਰਤਾਰਪੁਰ ਦੀ ਮੀਟਿੰਗ ਪ੍ਰਧਾਨ ਪ੍ਰਿੰਸ ਅਰੋੜਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਸਾਲ 2021-22 ਲਈ ਰਜਨੀਸ਼ ਸੂਦ ਨੂੰ ਪ੍ਰਧਾਨ, ਨਵੀਨ ਜੈਨ ਸੈਕਟਰੀ, ਰਾਹੁਲ ਅਗਰਵਾਲ ਖਜਾਂਚੀ,ਅਤੇ ਅਨੀਸ਼ ਅਗਰਵਾਲ ਨੂੰ ਪੀ ਆਰ ਓ ਚੁਣਿਆਂ ਗਿਆ।ਵਰਣਨਯੋਗ ਹੈ ਕਿ ਹਰ ਸਾਲ ਲਾਇਨ ਕੱਲਬ ਦੀ ਚੋਣ 1 ਜੁਲਾਈ ਤੋ 30 ਜੂਨ ਤੱਕ ਲਈ ਹੁੰਦੀ ਹੈ। ਇਸ ਮੋਕੇ ਪ੍ਰਧਾਨ ਪ੍ਰਿੰਸ ਅਰੋੜਾ, ਸੁਰਜੀਤ ਸਿੰਘ ਵਾਲੀਆ, ਨਰੇਸ਼ ਅਗਰਵਾਲ, ਰਾਜ ਕੁਮਾਰ ਅਰੋੜਾ, ਪ੍ਰਵੀਨ ਵਰਮਾ,ਬੋਧ ਪ੍ਰਕਾਸ਼ ਸਾਹਨੀ,ਮਨਜੀਤ ਜੈਨ, ਵਿਮਲ ਜੈਨ,ਬਲਵੀਰ ਸਿੰਘ ਰਾਣਾ, ਪਿੰਚੂ ਸਿੰਗਲਾ,ਸੋਰਵ ਗੁਪਤਾ ਆਦਿ ਕੱਲਬ ਮੈਂਬਰ ਹਾਜਰ ਸਨ।





# ਵਿਸ਼ਵ ਡਾਕਟਰ ਦਿਵਸ ਤੇ ਡਾਕਟਰਾਂ ਨੂੰ ਸਨਮਾਨਿਤ ਕੀਤਾ

**ਕਰਤਾਰਪੁਰ ( ਜਸਵੰਤ ਵਰਮਾ, ਦਿਨੇਸ਼ ਕੁਮਾਰ)**ਵਿਸ਼ਵ ਡਾਕਟਰ ਦਿਵਸ ਦੇ ਮੌਕੇ ਤੇ ਸੀ.ਐੱਚ.ਸੀ ਕਰਤਾਰਪੁਰ ਦੇ ਐੱਸ.ਐੱਮ.ਓ ਡਾ. ਕੁਲਦੀਪ ਸਿੰਘ ਜੀ ਨੂੰ ਭਾਜਪਾ ਮੰਡਲ ਕਰਤਾਰਪੁਰ ਵਲੋਂ ਬੁੱਕੇ ਦੇ ਕਰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਤੇ ਮੰਡਲ ਪ੍ਰਧਾਨ ਸ਼ੈਲੀ ਮਹਾਜਨ ਨੇ ਐੱਸ.ਐੱਮ.ਓ ਸਾਹਿਬ ਨੂੰ ਅਤੇ ਉਨ੍ਹਾਂ ਦੀ ਟੀਮ ਨੂੰ ਕੋਰੋਨਾ ਕਾਲ ਦੇ ਵਿਚ ਨਿਭਾ ਰਹੇ ਜ਼ੰਮਿਵਾਰੀ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਸਾਰਿਆਂ ਦਾ ਧੰਨਵਾਦ ਵੀ ਕੀਤਾ।ਇਸ ਮੌਕੇ ਤੇ ਜਨਰਲ ਸਕੱਤਰ ਪਵਨ ਠਾਕੁਰ ਸਿਟੀ ਇੰਚਾਰਜ ਨਰਿੰਦਰ ਸਿੱਲ੍ਹੀ ਖਜ਼ਾਨਚੀ ਮਧੂਸੂਦਨ ਯੁਵਾ ਪ੍ਰਧਾਨ ਅਮਨ ਸ਼ਰਮਾ ਮੌਜੂਦ ਸਨ ।

